78395(1)

ਭਾਰਿਬੈਂ/2006-07/37

ਆਰਐਚਐਲਡੀ. ਨੰ: ਪੀਐਲਐਨਐਫਐਸ. ਬੀਸੀ.06/06.02.31/2007-08

ਜੁਲਾਈ 2, 2007

*ਪ੍ਰਧਾਨ/ਪ੍ਰਬੰਧ ਨਿਦੇਸ਼ਕ/ਮੁੱਖ ਕਾਰਜਕਾਰੀ ਅਧਿਕਾਰੀ*

*ਸਾਰੇ ਅਨੁਸੂਚਿਤ ਵਪਾਰਕ ਬੈਂਕ*

*(ਖੇਤਰੀ ਪੇਂਡੂ ਬੈਂਕਾਂ ਅਤੇ ਸਥਾਨਕ ਖੇਤਰ ਦੇ ਬੈਂਕਾਂ ਸਮੇਤ)*

ਸ਼੍ਰੀਮਾਨ ਜੀ

*ਪ੍ਰਮੁੱਖ ਸਰਕੂਲਰ - ਲਘੂ ਅਤੇ ਦਰਮਿਆਨੇ ਉਦੱਮ ਖੇਤਰ ਨੂੰ ਉਧਾਰ*

ਜਿਵੇਂਕਿ ਤੁਹਾਨੂੰ ਪਤਾ ਹੈ, ਭਾਰਤੀ ਰਿਜ਼ਰਵ ਬੈਂਕ ਨੇ ਸਮੇਂ ਸਮੇਂ ਤੇ ਬੈਂਕਾਂ ਨੂੰ ਮਾਈਕਰੋ, ਲਘੂ ਅਤੇ ਦਰਮਿਆਨੇ ਉਦੱਮ ਖੇਤਰ ਨੂੰ ਉਧਾਰ ਨਾਲ ਸਬੰਧਤ ਮਾਮਲਿਆਂ ਸਬੰਧੀ ਦਿਸ਼ਾ ਨਿਰਦੇਸ਼/ ਨਿਰਦੇਸ਼/ਹਦਾਇਤਾਂ ਜਾਰੀ ਕੀਤੀਆਂ ਹਨ। ਬੈਂਕਾਂ ਨੂੰ ਸਾਰੇ ਮਿਤੀਅੰਤ ਨਿਰਦੇਸ਼ ਇਕ ਥਾਂ ਤੇ ਉਪਲਬੱਧ ਕਰਵਾਉਣ ਦੇ ਮੰਤਵ ਨਾਲ ਇਸ ਸਬੰਧ ਵਿਚ ਮੌਜੂਦਾ ਦਿਸ਼ਾ ਨਿਰਦੇਸ਼/ ਨਿਰਦੇਸ਼/ ਹਦਾਇਤਾਂ ਨੂੰ ਸ਼ਾਮਲ ਕਰਦੇ ਹੋਏ ਇਕ ਪ੍ਰਮੁੱਖ ਸਰਕੂਲਰ ਤਿਆਰ ਕੀਤਾ ਗਿਆ ਹੈ ਅਤੇ ਜੋ ਇਸ ਸਰਕੂਲਰ ਵਿਚ ਸ਼ਾਮਲ ਹੈ। ਅਨੁਲੱਗ ਵਿਚ ਦਰਸਾਏ ਅਨੁਸਾਰ, ਭਾਰਤੀ ਰਿਜ਼ਰਵ ਬੈਂਕ ਦੁਆਰਾ 30 ਜੂਨ, 2007 ਤੱਕ ਉਨ੍ਹਾਂ ਸਾਰੇ ਨਿਰਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਵਪਾਰਕ ਬੈਂਕਾਂ ਦੁਆਰਾ ਮਾਈਕਰੋ, ਲਘੂ ਅਤੇ ਦਰਮਿਆਨੇ ਉਦੱਮ ਖੇਤਰ ਨੂੰ ਉਧਾਰ ਦੇਣ ਨਾਲ ਸਬੰਧਤ ਹਨ।

ਕਿਰਪਾ ਕਰਕੇ ਪ੍ਰਾਪਤੀ ਦੀ ਸੂਚਨਾ ਦਿਉ।

ਹਿਤੂ,

(ਜੀ. ਸ਼੍ਰੀਨਿਵਾਸਨ)

ਮੁੱਖ ਮਹਾਂਪ੍ਰਬੰਧਕ

# ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਉਧਾਰ

ਭਾਗ - I

1. ਲਘੂ ਉਦਯੋਗ

1.1.1.1 ਲਘੂ (ਨਿਰਮਾਣ) ਉਦਯੋਗ

ਅਜਿਹੇ ਵਪਾਰ ਜੋ ਵਸਤੂਆਂ ਦੇ ਨਿਰਮਾਣ, ਸਾਂਭ-ਸੰਭਾਲ, ਰੱਖ-ਰਖਾਵ ਦੇ ਕਾਰਜ ਵਿਚ ਲੱਗੇ ਹਨ ਅਤੇ ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਾਂ ਵਿਚ ਨਿਵੇਸ਼ (ਭੂਮੀ ਅਤੇ ਭਵਨ ਅਤੇ ਲਘੂ ਉਦਯੋਗ ਮੰਤਰਾਲਿਆ ਦੀ ਮਿਤੀ 5 ਅਕਤੂਬਰ 2006 ਦੀ ਅਧਿਸੂਚਨਾ ਨੰ. ਐਸਓ. 1722 (ਈ) ਵਿਚ ਦਰਸਾਈਆਂ ਮੱਦਾਂ ਜੋ ਕਿ ਅਨੁਲੱਗI ਵਿਚ ਦਰਸਾਇਆ ਗਿਆ ਹੈ, ਨੂੰ ਛੱਡ ਕੇ ਮੂਲ ਲਾਗਤ) 5 ਕਰੋੜ ਰੁਪਏ ਤੋਂ ਜ਼ਿਆਦਾ ਨਾ ਹੋਵੇ।

1.1.2 ਲਘੂ (ਸੇਵਾ) ਉਦਯੋਗ

ਅਜਿਹੇ ਉਦਯੋਗ ਜੋ ਸੇਵਾਵਾਂ ਉਪਲੱਬਧ ਕਰਵਾਉਣ ਜਾਂ ਦੇਣ ਵਿਚ ਲੱਗੇ ਹੋਣ ਅਤੇ ਜਿਨ੍ਹਾਂ ਦਾ ਯੰਤਰਾਂ ਵਿਚ ਨਿਵੇਸ਼ (ਭੂਮੀ ਅਤੇ ਭਵਨ ਅਤੇ ਫਰਨੀਚਰ, ਫਿਟਿੰਗਜ਼ ਅਤੇ ਅਜਿਹੀਆਂ ਹੋਰ ਮੱਦਾਂ ਜੋ ਦਿੱਤੀਆਂ ਗਈਆਂ ਸੇਵਾਵਾਂ ਤੋਂ ਪ੍ਰਤੱਖ ਰੂਪ ਨਾਲ ਸਬੰਧਤ ਨਹੀਂ ਹਨ ਜਾਂ ਮਾਈਕਰੋ, ਲਘੂ ਅਤੇ ਦਰਮਿਆਨੇ ਉਦਯੋਗ ਵਿਕਾਸ (ਐਮਐਸਐਮਈਡੀ) ਅਧਿਨਿਯਮ, 2006 ਵਿਚ ਅਧਿਸੂਚਿਤ ਕੀਤੀਆਂ ਗਈਆਂ ਮੱਦਾਂ, ਨੂੰ ਛੱਡ ਕੇ ਮੂਲ ਲਾਗਤ) 2 ਕਰੋੜ ਰੁਪਏ ਤੋਂ ਵੱਧ ਨਾ ਹੋਵੇ।

1.2. 1 ਮਾਈਕਰੋ (ਨਿਰਮਾਣ) ਉਦਯੋਗ

ਅਜਿਹੇ ਉਦਯੋਗ ਜੋ ਵਸਤੂਆਂ ਦੇ ਨਿਰਮਾਣ, ਸਾਂਭ-ਸੰਭਾਲ ਜਾਂ ਰੱਖ-ਰਖਾਵ ਦੇ ਕਾਰਜ ਵਿਚ ਲੱਗੇ ਹਨ ਅਤੇ ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਾਂ ਵਿਚ ਨਿਵੇਸ਼ (ਭੂਮੀ ਅਤੇ ਭਵਨ

ਅਤੇ 1.1.1 ਵਿਚ ਦਰਸਾਈਆਂ ਮੱਦਾਂ ਨੂੰ ਛੱਡ ਕੇ ਮੂਲ ਲਾਗਤ) 25 ਲੱਖ ਰੁਪਏ ਤੋਂ ਵੱਧ ਨਾ ਹੋਵੇ, ਚਾਹੇ ਇਕਾਈ ਕਿਤੇ ਵੀ ਸਥਿਤ ਹੋਵੇ।

1.2.2 ਮਾਈਕਰੋ (ਸੇਵਾ) ਉਦਯੋਗ

ਅਜਿਹੇ ਉਦਯੋਗ ਜੋ ਸੇਵਾਵਾਂ ਉਪਲੱਬਧ ਕਰਵਾਉਣ ਜਾਂ ਦੇਣ ਵਿਚ ਲੱਗੇ ਹੋਣ ਅਤੇ ਜਿਨ੍ਹਾਂ ਦਾ ਯੰਤਰਾਂ ਵਿਚ ਨਿਵੇਸ਼ (ਭੂਮੀ ਅਤੇ ਭਵਨ ਅਤੇ ਫਰੀਚਰ, ਫਿਟਿੰਗਜ਼ ਅਤੇ 1.1.2 ਵਿਚ ਦਰਸਾਈਆਂ ਮੱਦਾਂ, ਨੂੰ ਛੱਡ ਕੇ ਮੂਲ ਲਾਗਤ) 10 ਲੱਖ ਰੁਪਏ ਤੋਂ ਜ਼ਿਆਦਾ ਨਾ ਹੋਵੇ।

1.3.1 ਦਰਮਿਆਨੇ (ਨਿਰਮਾਣ) ਉਦਯੋਗ

ਅਜਿਹੇ ਉਦਯੋਗ ਜੋ ਵਸਤੂਆਂ ਦੇ ਨਿਰਮਾਣ, ਸਾਂਭ-ਸੰਭਾਲ ਜਾਂ ਰੱਖ-ਰਖਾਵ ਦੇ ਕਾਰਜ ਵਿਚ ਲੱਗੇ ਹਨ ਅਤੇ ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਾਂ ਵਿਚ ਨਿਵੇਸ਼ (ਭੂਮੀ ਅਤੇ ਭਵਨ ਅਤੇ ਲਘੂ ਉਦਯੋਗ ਮੰਤਰਾਲਿਆ ਦੀ ਤਾਰੀਖ 5 ਅਕਤੂਬਰ 2006 ਦੀ ਅਧਿਸੂਚਨਾ ਨੰ. ਐਸਓ. 1722 (ਈ) ਵਿਚ ਦਰਸਾਈਆਂ ਮੱਦਾਂ ਨੂੰ ਛੱਡ ਕੇ ਮੂਲ ਲਾਗਤ) 5 ਕਰੋੜ ਰੁਪਏ ਤੋਂ ਜ਼ਿਆਦਾ ਹੋਵੇ ਪਰ 10 ਕਰੋੜ ਰੁਪਏ ਤੋਂ ਜ਼ਿਆਦਾ ਨਾ ਹੋਵੇ।

1.3.2 ਦਰਮਿਆਨੇ (ਸੇਵਾ) ਉਦਯੋਗ

ਅਜਿਹੇ ਉਦਯੋਗ ਜੋ ਸੇਵਾਵਾਂ ਉਪਲੱਬਧ ਕਰਵਾਉਣ ਜਾਂ ਦੇਣ ਵਿਚ ਲੱਗੇ ਹੋਣ ਅਤੇ ਜਿਨ੍ਹਾਂ ਦਾ ਯੰਤਰਾਂ ਵਿਚ ਨਿਵੇਸ਼ (ਭੂਮੀ ਅਤੇ ਭਵਨ ਅਤੇ ਫਰਨੀਚਰ, ਫਿਟਿੰਗਜ਼ ਅਤੇ 1.1.2 ਵਿਚ ਦਰਸਾਈਆਂ ਮੱਦਾਂ, ਨੂੰ ਛੱਡ ਕੇ ਮੂਲ ਲਾਗਤ) 2 ਕਰੋੜ ਰੁਪਏ ਤੋਂ ਜ਼ਿਆਦਾ ਹੋਵੇ ਪਰ 5 ਕਰੋੜ ਰੁਪਏ ਤੋਂ ਜ਼ਿਆਦਾ ਨਾ ਹੋਵੇ।

ਲਘੂ ਅਤੇ ਮਾਈਕਰੋ (ਸੇਵਾ) ਉਦਯੋਗ ਵਿਚ ਲਘੂ ਸੜਕ ਅਤੇ ਜਲ ਢੋ-ਢੁਆਈ ਪਰਿਚਾਲਕ, ਲਘੂ ਵਪਾਰ, ਵਪਾਰਿਕ ਅਤੇ ਸਵੈ-ਰੋਜ਼ਗਾਰ ਵਿਅਕਤੀ ਅਤੇ ਹੋਰ ਸਾਰੇ ਸੇਵਾ ਉਦਯੋਗ ਸ਼ਾਮਲ ਹੋਣਗੇ।

ਦਰਮਿਆਨੇ ਉਦਯੋਗਾਂ ਨੂੰ ਕਰਜੇ ਦੇਣ ਵਾਲੇ ਬੈਂਕਾਂ ਨੂੰ ਪ੍ਰਥਮਤਾ ਖੇਤਰ ਦੇ ਅੰਤਰਗਤ ਸ਼ਾਮਲ ਕਰਨ ਦੇ ਮੰਤਵ ਦੇ ਲਈ ਹਿਸਾਬ ਵਿਚ ਨਹੀਂ ਲਿਆ ਜਾਵੇਗਾ।

1.4 ਖਾਦੀ ਪੇਂਡੂ ਉਦਯੋਗ ਖੇਤਰ

ਪ੍ਰਚਾਲਣਾਂ ਦੇ ਅਕਾਰ, ਸਥਿਤੀ ਅਤੇ ਯੰਤਰ ਅਤੇ ਮਸ਼ੀਨਰੀ ਮੱਦਾਂ ਮੂਲ ਨਿਵੇਸ਼ ਦੀ ਰਾਸ਼ੀ ਤੇ ਧਿਆਨ ਦਿੱਤੇ ਬਿਨਾਂ ਖਾਦੀ-ਪੇਂਡੂ ਉਦਯੋਗ ਖੇਤਰ ਦੀਆਂ ਇਕਾਈਆਂ ਨੂੰ ਪ੍ਰਦਾਨ ਸਾਰੀਆਂ ਪੇਸ਼ਗੀਆਂ। ਅਜਿਹੀਆਂ ਪੇਸ਼ਗੀਆਂ ਪ੍ਰਥਮਤਾ ਪ੍ਰਾਪਤ ਖੇਤਰ ਦੇ ਅੰਤਰਗਤ ਲਘੂ ਉਦਯੋਗ ਹਿਤ ਨਿਸਚਿਤ ਉਪ-ਟੀਚੇ (60 ਪ੍ਰਤੀਸ਼ਤ) ਦੇ ਅਧੀਨ ਵਿਚਾਰ ਕਰਨ ਦੇ ਲਈ ਪਾਤਰ ਹੋਣਗੇ।

1.5 ਅਪ੍ਰਤੱਖ ਵਿਤ

1.5.1 ਅਜਿਹੇ ਵਿਅਕਤੀ ਜੋ ਕਾਰੀਗਰਾਂ, ਪੇਂਡੂ ਅਤੇ ਘਰੇਲੂ ਉਦਯੋਗਾਂ ਨੂੰ ਆਦਾਨ ਦੀ ਪ੍ਰਤੀਪੂਰਤੀ ਅਤੇ ਉਨ੍ਹਾਂ ਦੇ ਉਤਪਾਦਨਾਂ ਦੇ ਵਪਾਰ ਦੇ ਕਾਰਜ ਵਿਚ ਵਿਕੇਂਦਰਿਤ ਖੇਤਰ ਦੀ ਸਹਾਇਤਾ ਕਰ ਰਹੇ ਹੋਣ।

1.5.2 ਵਿਕੇਂਦਰਿਤ ਖੇਤਰ ਵਿਚ ਉਤਪਾਦਕਾਂ ਦੇ ਸਹਿਕਾਰੀ ਭਾਵ ਕਾਰੀਗਰਾਂ ਪੇਂਡੂ ਅਤੇ ਕੁਟੀਰ ਉਦਯੋਗਾਂ ਨੂੰ ਪੇਸ਼ਗੀਆਂ।

1.5.3 ਕੇਵਲ ਗੈਰ-ਖੇਤੀ ਖੇਤਰ ਦੇ ਵਿਤੀ ਪ੍ਰਬੰਧ ਦੇ ਉਦੇਸ਼ ਤੋਂ ਨਾਬਾਰਡ ਦੁਆਰਾ ਜਾਰੀ ਵਿਸ਼ੇਸ਼ ਬਾਂਡਾਂ ਦੇ ਵਿਚ ਬੈਂਕਾਂ ਦੁਆਰਾ 31 ਮਾਰਚ 2007 ਤੱਕ ਕੀਤੇ ਗਏ ਨਿਵੇਸ਼ਾਂ ਨੂੰ, ਅਜਿਹੇ ਬਾਂਡਾਂ ਦੀ ਮਿਆਦ ਪੁੱਗੀ ਤਾਰੀਖ ਤੱਕ ਜਾਂ 31 ਮਾਰਚ

2010 ਤੱਕ, ਜੋ ਵੀ ਪਹਿਲਾਂ ਹੋਣ, ਲਘੂ ਉਦਯੋਗ ਖੇਤਰ ਨੂੰ ਅਪ੍ਰਤੱਖ ਵਿੱਤ ਦੇ ਰੂਪ ਵਿਚ ਵਰਗੀਕਰਨ ਕੀਤਾ ਜਾਵੇਗਾ। ਪਰੰਤੂ, 31 ਮਾਰਚ 2007 ਤੋਂ ਬਾਅਦ ਅਜਿਹੇ ਵਿਸ਼ੇਸ਼ ਬਾਂਡਾਂ ਵਿਚ ਕੀਤੇ ਗਏ ਨਿਵੇਸ਼ ਅਜਿਹੇ ਵਰਗੀਕਰਨ ਦੇ ਲਈ ਪਾਤਰ ਨਹੀਂ ਹੋਣਗੇ।

1.5.4 ਵਿਦੇਸ਼ੀ ਬੈਂਕ ਜਿਨ੍ਹਾਂ ਦੇ ਦਫ਼ਤਰ ਭਾਰਤ ਵਿਚ ਸਥਿਤ ਹਨ, ਦੁਆਰਾ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਦੇਣ ਦੇ ਟੀਚਿਆਂ/ ਉਪ-ਟੀਚਿਆਂ ਨੂੰ ਪ੍ਰਾਪਤ ਨਾ ਕਰਨ ਦੇ ਕਾਰਨ ਸਿਡਬੀ ਵਿਚ ਰੱਖੀਆਂ ਜਮ੍ਹਾਂ ਰਾਸ਼ੀਆਂ, ਜੋ 30 ਅਪ੍ਰੈਲ 2007 ਤੱਕ ਬਕਾਇਆ ਸੀ ਆਪਣੀ ਮਿਆਦ ਪੁੱਗੀ ਤਾਰੀਖ ਤੱਕ ਜਾਂ 31 ਮਾਰਚ 2010, ਜੋ ਵੀ ਪਹਿਲਾਂ ਹੋਣ, ਲਘੂ ਉਦਯੋਗ ਨੂੰ ਅਪ੍ਰਤੱਖ ਕਰਜੇ ਦੇ ਰੂਪ ਵਿਚ ਵਰਗੀਕਰਨ ਹਿਤ ਪਾਤਰ ਹੋਣਗੀਆਂ। ਪਰੰਤੂ, ਬੈਂਕਾਂ ਦੁਆਰਾ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਦੇਣ ਦੇ ਟੀਚਿਆਂ/ ਉਪ-ਟੀਚਿਆਂ ਨੂੰ ਪ੍ਰਾਪਤ ਨਾ ਕਰਨ ਦੇ ਕਾਰਨ 30 ਅਪ੍ਰੈਲ 2007 ਨੂੰ ਜਾਂ ਉਸਦੇ ਬਾਅਦ ਸਿਡਬੀ ਵਿਚ ਰੱਖੀਆਂ ਨਵੀਆਂ ਜਮ੍ਹਾਂ ਰਾਸ਼ੀਆਂ, ਲਘੂ ਉਦਯੋਗ ਖੇਤਰ ਨੂੰ ਅਪ੍ਰਤੱਖ ਕਰਜੇ ਦੇ ਰੂਪ ਵਿਚ ਵਰਗੀਕਰਨ ਹਿਤ ਪਾਤਰ ਨਹੀਂ ਹੋਣਗੀਆਂ।

1.5.5 ਲਘੂ ਅਤੇ ਮਾਈਕਰੋ ਉਦਯੋਗਾਂ (ਨਿਰਮਾਣ ਅਤੇ ਸੇਵਾ) ਨੂੰ ਅੱਗੇ ਉਧਾਰ ਦੇਣ ਦੇ ਲਈ ਐਨਬੀਐਫਸੀ ਨੂੰ ਬੈਂਕਾਂ ਦੁਆਰਾ ਪ੍ਰਦਾਨ ਕਰਜ।

ਭਾਗ - II

## ਪ੍ਰਥਮਤਾ ਪ੍ਰਾਪਤ ਖੇਤਰ ਦੇ ਅੰਤਰਗਤ ਪਾਤਰ ਕੁਝ ਨਿਧੀ-ਨਿਯੋਜਨ ਪੇਸ਼ਗੀਆਂ

### 1. ਨਿਵੇਸ਼

#### 1.1 ਪ੍ਰਤਿਭੂਤਿਯੁਕਤ ਸੰਪਤੀਆਂ

ਪ੍ਰਥਮਤਾ ਪ੍ਰਾਪਤ ਖੇਤਰ ਦੇ ਵਿਭਿੰਨ ਵਰਗਾਂ ਨੂੰ ਦਿੱਤੇ ਗਏ ਕਰਜੇ ਦੇ ਰੂਪ ਵਿਚ ਬੈਂਕਾਂ ਦੁਆਰਾ ਪ੍ਰਤਿਭੂਤਿਕ੍ਰਿਤ ਸੰਪਤੀਆਂ ਵਿਚ ਕੀਤਾ ਗਿਆ ਨਿਵੇਸ਼ ਹਵਾਲੇ ਸਹਿਤ ਸੰਪਤੀਆਂ ਦੇ ਅਧਾਰ ਤੇ ਪ੍ਰਥਮਤਾ ਪ੍ਰਾਪਤ ਖੇਤਰ ਦੇ ਸਬੰਧਤ ਵਰਗ ਵਿਚ ਵਰਗੀਕਰਨ ਕੀਤੇ ਜਾਣ ਦਾ ਪਾਤਰ ਹੋਵੇਗਾ ਬਸ਼ਰਤੇ ਪ੍ਰਤਿਭੂਤਿਕ੍ਰਿਤ ਸੰਪਤੀਆਂ ਬੈਂਕਾਂ ਅਤੇ ਵਿਤੀ ਸੰਸਥਾਵਾਂ ਦੁਆਰਾ ਪੇਸ਼ ਕੀਤੀਆਂ ਗਈਆਂ ਹੋਣ ਅਤੇ ਪ੍ਰਤਿਭੂਤਿਕਰਨ ਤੇ ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹੋਣ। ਇਸਦਾ ਇਹ ਅਰਥ ਹੋਵੇਗਾ ਕਿ ਪ੍ਰਤਿਭੂਤਿਕ੍ਰਿਤ ਸੰਪਤੀਆਂ ਦੇ ਉਕਤ ਵਰਗਾਂ ਵਿਚ ਬੈਂਕ ਦਾ ਨਿਵੇਸ਼ ਪ੍ਰਥਮਤਾ ਪ੍ਰਾਪਤ ਖੇਤਰ ਦੇ ਸਬੰਧ ਵਿਚ ਬੈਂਕ ਦਾ ਨਿਵੇਸ਼ ਪ੍ਰਥਮਤਾ ਪ੍ਰਾਪਤ ਖੇਤਰ ਦੇ ਸਬੰਧਤ ਵਰਗਾਂ ਵਿਚ ਵਰਗੀਕਰਨ ਦੇ ਲਈ ਸਿਰਫ਼ ਉਦੋਂ ਪਾਤਰ ਹੋਵੇਗਾ ਜਦੋਂ ਪ੍ਰਤਿਭੂਤਿਕ੍ਰਿਤ ਪੇਸ਼ਗੀਆਂ ਉਨ੍ਹਾਂ ਦੇ ਪ੍ਰਤਿਭੂਤਿਕਰਨ ਤੋਂ ਪਹਿਲਾਂ ਪ੍ਰਥਮਤਾ ਪ੍ਰਾਪਤ ਖੇਤਰ ਪੇਸ਼ਗੀਆਂ ਦੇ ਰੂਪ ਵਿਚ ਵਰਗੀਕਰਨ ਕੀਤੇ ਜਾਣ ਦੇ ਲਈ ਪਾਤਰ ਰਿਹਾ ਹੋਵੇ।

1.2 ਪ੍ਰਥਮਤਾ ਪ੍ਰਾਪਤ ਖੇਤਰ ਦੇ ਅੰਤਰਗਤ ਵਰਗੀਕਰਨ ਕੀਤੇ ਜਾਣ ਦੇ ਲਈ ਪਾਤਰ ਕਿਸੇ ਕਰਜ ਸੰਪਤੀ ਦੀ ਯੱਕਮੁਕਤ ਖਰੀਦ ਪ੍ਰਥਮਤਾ ਪ੍ਰਾਪਤ ਖੇਤਰ (ਪ੍ਰੱਤਖ ਜਾਂ ਅਪ੍ਰੱਤਖ) ਦੇ ਸਬੰਧਤ ਵਰਗਾਂ ਵਿਚ ਵਰਗੀਕਰਨ ਦੇ ਲਈ ਪਾਤਰ ਹੋਣਗੀਆਂ ਬਸ਼ਰਤੇ, ਖਰੀਦੇ ਗਏ ਕਰਜੇ ਪ੍ਰਥਮਤਾ ਪ੍ਰਾਪਤ ਖੇਤਰ ਦੇ ਅੰਤਰਗਤ ਵਰਗੀਕਰਨ ਕੀਤੇ ਜਾਣ ਦੇ ਲਈ ਪਾਤਰ ਹੋਣ ; ਕਰਜੇ ਸੰਪਤੀਆਂ ਵਿਕਰੇਤਾ ਦੇ ਸਹਾਰੇ ਬਿਨਾਂ

ਬੈਂਕਾਂ ਅਤੇ ਵਿਤੀ ਸੰਸਥਾਵਾਂ ਤੋਂ (ਪੂਰੀ ਸਾਵਧਾਨੀ ਨਾਲ ਅਤੇ ਵਧੀਆ ਮੁੱਲ ਤੇ) ਖਰੀਦੀਆਂ ਗਈਆਂ ਹੋਣ ; ਅਤੇ ਪਾਤਰ ਕਰਜ ਸੰਪਤੀਆਂ, ਅਦਾਇਗੀ ਦੇ ਇਲਾਵਾ, ਖਰੀਦ ਦੀ ਤਾਰੀਖ ਤੋਂ ਛੇ ਮਹੀਨੇ ਦੀ ਸਮੇਂ ਦੇ ਅੰਦਰ ਨਿਪਟਾਈ ਨਾ ਗਈ ਹੋਵੇ।

1.3 ਅੰਤਰ ਬੈਂਕ ਪ੍ਰਮਾਣ ਪੱਤਰ (ਆਈਬੀਪੀਸੀ) ਵਿਚ ਜੋਖ਼ਮ ਵਿਚ ਹਿੱਸੇਦਾਰੀ ਦੇ ਅਧਾਰ ਤੇ ਬੈਂਕਾਂ ਦੁਆਰਾ ਕੀਤਾ ਗਿਆ ਨਿਵੇਸ਼, ਪ੍ਰਥਮਤਾ ਪ੍ਰਾਪਤ ਖੇਤਰ ਦੇ ਸਬੰਧਤ ਵਰਗਾਂ ਵਿਚ ਵਰਗੀਕਰਨ ਦੇ ਲਈ ਪਾਤਰ ਹੋਵੇਗਾ ਬਸ਼ਰਤੇ, ਹਵਾਲੇ ਸਹਿਤ ਸੰਪਤੀਆਂ ਪ੍ਰਥਮਤਾ ਪ੍ਰਾਪਤ ਖੇਤਰ ਦੇ ਸਬੰਧਤ ਵਰਗਾਂ ਵਿਚ ਵਰਗੀਕਰਨ ਕੀਤੇ ਜਾਣ ਦੇ ਲਈ ਪਾਤਰ ਹੋਣ ਅਤੇ ਨਿਵੇਸ਼ ਦੀ ਤਾਰੀਖ ਤੋਂ ਘੱਟ ਤੋਂ ਘੱਟ 180 ਦਿਨ ਦੇ ਲਈ ਧਾਰਨ ਕੀਤੀਆਂ ਗਈਆਂ ਹੋਣ।

2. ਲਘੂ ਉਦਯੋਗ ਵਿਤ ਕੇਂਦਰਾਂ ਦੀ (ਐਸਈਐਫਸੀ) ਯੋਜਨਾ :

ਸਲਾਨਾ ਨੀਤੀ ਵਰਨਣ 2005-06 ਵਿਚ ਮਾਣਯੋਗ ਗਵਰਨਰ ਦੁਆਰਾ ਕੀਤੀ ਗਈ ਘੋਸ਼ਣਾ ਦੇ ਅਨੁਸਾਰ, ਬੈਂਕਾਂ ਦੀਆਂ ਸ਼ਾਖਾਵਾਂ ਅਤੇ "ਲਘੂ ਵਪਾਰ ਵਿਤੀ ਕੇਂਦਰ" ਦੇ ਨਾਮ ਨਾਲ ਸਮੂਹ ਵਿਚ ਸਥਿਤ ਸਿਡਬੀ (SIDBI) ਦੇ ਵਿਚ ਪ੍ਰਣਾਲੀਗਤ ਗਠਬੰਧਨ ਦੇ ਲਈ ਇਕ ਯੋਜਨਾ ਤਿਆਰ ਕੀਤੀ ਗਈ। ਇਹ ਯੋਜਨਾ ਲਘੂ ਉਦਯੋਗ ਅਤੇ ਬੈਂਕਿੰਗ ਮੰਡਲ ਮੰਤਰਾਲਿਆ, ਵਿਤ ਮੰਤਰਾਲਿਆ, ਭਾਰਤ ਸਰਕਾਰ, ਸਿਡਬੀ, ਭਾਰਤੀ ਰਿਜ਼ਰਵ ਬੈਂਕ ਸੰਘ ਅਤੇ ਚੁਣੇ ਹੋਏ ਬੈਂਕਾਂ ਦੀ ਸਲਾਹ ਨਾਲ ਤਿਆਰ ਕੀਤੀ ਗਈ ਅਤੇ ਤਾਰੀਖ 20 ਮਈ 2005 ਨੂੰ ਲਾਗੂਕਰਨ ਹਿਤ ਸਾਰੇ ਅਨੁਸੂਚਿਤ ਵਣਜੀ ਬੈਂਕਾਂ ਨੂੰ ਪ੍ਰਚਲਿਤ ਕੀਤੀ ਗਈ। ਸ਼ੁਰੂ ਵਿਚ ਸਿਡਬੀ ਨੇ ਅਜਿਹੇ 149 ਕੇਂਦਰ ਸ਼ੁਰੂ ਕਰਨ ਦਾ ਫੈਸਲਾ ਲਿਆ ਸੀ। ਸਿਡਬੀ ਨੇ ਹੁਣ ਤੱਕ 16 ਬੈਂਕਾਂ (ਬੈਂਕ ਆਫ ਇੰਡੀਆ, ਯੂਕੋ ਬੈਂਕ, ਯੈਸ ਬੈਂਕ, ਬੈਂਕ ਆਫ ਬੜੌਦਾ, ਓਰੀਐਂਟਲ ਬੈਂਕ ਆਫ ਕਾਮਰਸ, ਪੰਜਾਬ ਨੈਸ਼ਨਲ ਬੈਂਕ, ਦੇਨਾ ਬੈਂਕ, ਆਂਧਰਾ ਬੈਂਕ, ਇੰਡੀਅਨ ਬੈਂਕ, ਕਾਰਪੋਰੇਸ਼ਨ ਬੈਂਕ,

ਆਈਡੀਬੀਆਈ ਬੈਂਕ, ਇੰਡੀਅਨ ਓਵਰਸੀਜ਼ ਬੈਂਕ, ਯੂਨੀਅਨ ਬੈਂਕ ਆਫ ਇੰਡੀਆ, ਭਾਰਤੀ ਸਟੇਟ ਬੈਂਕ, ਸਟੇਟ ਬੈਂਕ ਆਫ ਸੋਰਾਸ਼ਟਰ ਅਤੇ ਫੈਡਰਲ ਬੈਂਕ) ਦੇ ਨਾਲ ਸਹਿਮਤੀ-ਕਰਾਰ ਕੀਤਾ ਹੈ। ਵਰਤਮਾਨ ਸਿਡਬੀ ਸਮੂਹਾਂ ਦੁਆਰਾ ਕਵਰ ਕੀਤੇ ਗਏ ਲਘੂ ਅਤੇ ਦਰਮਿਆਨੇ ਉਦਯੋਗ ਸਮੂਹਾਂ ਦੀ ਸੂਚੀ ਅਨੁਲੱਗ II ਵਿਚ ਪੇਸ਼ ਹੈ।

ਭਾਗ - III

## ਘਰੇਲੂ ਵਣਜੀ ਬੈਂਕਾਂ (ਖੇਤਰੀ ਪੇਂਡੂ ਬੈਂਕ ਨੂੰ ਛੱਡ ਕੇ) ਦੁਆਰਾ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਦਿੱਤੇ ਜਾਣ ਵਾਲੇ ਉਧਾਰ ਦਾ ਟੀਚੇ

1. ਵਿਦੇਸ਼ੀ ਬੈਂਕਾਂ ਨੂੰ ਛੱਡ ਕੇ ਸਾਰੇ ਘਰੇਲੂ ਵਣਜੀ ਬੈਂਕਾਂ ਦੇ ਲਈ ਮੁੱਖ ਟੀਚਾ

1.1 ਘਰੇਲੂ ਵਣਜੀ ਬੈਂਕਾਂ ਤੋਂ ਇਹ ਆਸ ਹੈ ਕਿ ਉਹ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਦੇਣਯੋਗ ਕਰਜ਼ਿਆਂ ਦਾ ਦਾਇਰਾ ਵਧਾਉਂਦੇ ਹੋਏ, ਇਹ ਨਿਸ਼ਚਿਤ ਕਰਨ ਕਿ ਸਮਾਯੋਜਿਤ ਮੂਲ ਬੈਂਕ ਕਰਜ਼ੇ ਦਾ ਨਿਊਨਤਮ 40% ਜਾਂ ਤੁਲਨਾ-ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਬਰ ਕਰਜ਼ ਰਾਸ਼ੀ, ਇਨ੍ਹਾਂ ਵਿਚੋਂ ਜੋ ਵੀ ਜ਼ਿਆਦਾ ਹੋਵੇ ਦਾ ਹਿੱਸਾ ਪ੍ਰਥਮਤਾ ਪ੍ਰਾਪਤ ਖੇਤਰ ਪੇਸ਼ਗੀਆਂ (ਜਿਸ ਵਿਚ ਲਘੂ ਉਦਯੋਗ ਖੇਤਰ ਸ਼ਾਮਲ ਹਨ) ਦੇ ਰੂਪ ਵਿਚ ਹੋਵੇ।

1.2 ਹਾਲਾਂਕਿ ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਕਰਜ਼ੇ ਵਿਚ ਵਾਧੇ ਦੇ ਲਈ ਭਾਰਤ ਸਰਕਾਰ ਦੁਆਰਾ ਘੋਸ਼ਿਤ ਪਾਲਿਸੀ ਪੈਕੇਜ ਦੇ ਅਨੁਸਾਰ ਲਘੂ ਉਦਯੋਗ ਖੇਤਰ ਨੂੰ ਉਧਾਰ ਦੇ ਲਈ ਕੋਈ ਉਪ-ਟੀਚੇ ਨਿਰਧਾਰਤ ਨਹੀਂ ਕੀਤੇ ਗਏ ਹਨ, ਬੈਂਕ ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਪੇਸ਼ਗੀਆਂ ਵਿਚ ਵਾਧੇ ਦੇ ਲਈ ਟੀਚੇ ਆਪ ਨਿਰਧਾਰਤ ਕਰ ਸਕਦੇ ਹਨ ਤਾਂ ਕਿ ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਕਰਜ਼ੇ ਵਿਚ ਸਾਲ-ਦਰ-ਸਾਲ ਨਿਊਨਤਮ 20% ਦੇ ਵਾਧਾ ਪ੍ਰਾਪਤ ਕੀਤਾ ਜਾ ਸਕੇ; ਜਿਸਦਾ ਉਦੇਸ਼ 5 ਸਾਲ ਅਰਥਾਤ 2005-06 ਤੋਂ 2009-10 ਤੱਕ ਦੇ ਸਮੇਂ ਵਿਚ ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਉਪਲੱਬਧ ਕਰਵਾਇਆ ਜਾਣ ਵਾਲਾ ਕਰਜ਼ਾ ਦੁਗਣਾ ਕਰਨਾ ਹੈ।

1.3 ਲਘੂ ਉਦਯੋਗ ਖੇਤਰ ਦੇ ਸਾਰੇ ਹਿੱਸਿਆਂ ਨੂੰ ਕਰਜ਼ੇ ਦੀ ਉਪਲੱਬਧਤਾ ਨਿਸ਼ਚਿਤ ਕਰਨ ਹਿਤ ਬੈਂਕਾਂ ਨੂੰ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ -

(ਕ) ਲਘੂ ਉਦਯੋਗ ਖੇਤਰ ਹਿਤ ਨਿਸ਼ਚਿਤ ਕੁਲ ਪੇਸ਼ਗੀ ਦਾ 40 ਪ੍ਰਤੀਸ਼ਤ ਅਜਿਹੇ ਮਾਈਕਰੋ (ਨਿਰਮਾਣ) ਉਦਯੋਗ ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਰੀ ਵਿਚ 5 ਲੱਖ ਰੁਪਏ ਤੱਕ ਦਾ ਨਿਵੇਸ਼ ਹੋਵੇ, ਅਤੇ ਅਜਿਹੇ ਮਾਈਕਰੋ (ਸੇਵਾ) ਉਦਯੋਗ ਜਿਨ੍ਹਾਂ ਦਾ ਛੋਟੇ ਯੰਤਰਾਂ ਵਿਚ 2 ਲੱਖ ਰੁਪਏ ਤੱਕ ਦਾ ਨਿਵੇਸ਼ ਹੋਵੇ, ਨੂੰ ਦਿੱਤਾ ਜਾਣਾ ਚਾਹੀਦਾ ਹੈ।

(ਖ) ਲਘੂ ਉਦਯੋਗ ਖੇਤਰ ਦੇ ਲਈ ਨਿਸ਼ਚਿਤ ਕੁਲ ਪੇਸ਼ਗੀ ਦਾ 20% ਅਜਿਹੇ ਮਾਈਕਰੋ (ਨਿਰਮਾਣ) ਉਦਯੋਗ ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਰੀ ਵਿਚ ਕੀਤਾ ਗਿਆ ਨਿਵੇਸ਼ 5 ਲੱਖ ਰੁਪਏ ਤੋਂ ਜ਼ਿਆਦਾ ਅਤੇ 25 ਲੱਖ ਰੁਪਏ ਤੱਕ ਹੋਵੇ; ਅਤੇ ਮਾਈਕਰੋ (ਸੇਵਾ) ਉਦਯੋਗ ਜਿਨ੍ਹਾਂ ਦਾ ਛੋਟੇ ਯੰਤਰਾਂ ਵਿਚ ਕੀਤਾ ਗਿਆ ਨਿਵੇਸ਼ 2 ਲੱਖ ਰੁਪਏ ਤੋਂ ਜ਼ਿਆਦਾ ਅਤੇ 10 ਲੱਖ ਰੁਪਏ ਤੱਕ ਹੋਵੇ, ਨੂੰ ਦਿੱਤਾ ਜਾਣਾ ਚਾਹੀਦਾ ਹੈ। (ਇਸ ਤਰ੍ਹਾਂ ਲਘੂ ਉਦਯੋਗ ਪੇਸ਼ਗੀਆਂ ਦਾ 60% ਮਾਈਕਰੋ ਉਦਯੋਗ ਨੂੰ ਜਾਣਾ ਚਾਹੀਦਾ ਹੈ।)

## 2. ਵਿਦੇਸ਼ੀ ਬੈਂਕਾਂ ਦੇ ਲਈ ਟੀਚੇ

2.1.1 ਵਿਦੇਸ਼ੀ ਬੈਂਕਾਂ ਤੋਂ ਇਹ ਆਸ ਹੈ ਕਿ ਉਹ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਕਰਜ਼ੇ ਵਧਾਉਣ ਅਤੇ ਇਹ ਨਿਸ਼ਚਿਤ ਕਰਨ ਕਿ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਪੇਸ਼ਗੀ (ਜਿਨ੍ਹਾਂ ਵਿਚ ਲਘੂ ਉਦਯੋਗ ਖੇਤਰ ਸ਼ਾਮਿਲ ਹਨ) ਵਿਚ ਸਮਾਯੋਜਿਤ ਮੂਲ ਬੈਂਕ ਕਰਜ਼ੇ ਦਾ 32% ਜਾਂ ਤੁਲਨਾ ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਬਰ ਕਰਜ਼ ਰਾਸ਼ੀ, ਇਨ੍ਹਾਂ ਵਿਚੋਂ ਜੋ ਵੀ ਜ਼ਿਆਦਾ ਹੋਵੇ, ਸ਼ਾਮਿਲ ਹੋਣਾ ਚਾਹੀਦਾ ਹੈ।

2.1.2 ਵਿਦੇਸ਼ੀ ਬੈਂਕਾਂ ਦੁਆਰਾ ਸਥਾਪਿਤ ਕੀਤੇ ਜਾਣ ਵਾਲੇ 32% ਟੀਚੇ ਦੀ ਸਮੁੱਚੀ ਸੀਮਾ ਵਿਚ ਹੀ ਲਘੂ ਉਦਯੋਗ ਖੇਤਰ ਨੂੰ ਦੇਣਯੋਗ ਪੇਸ਼ਗੀਆਂ ਸਮਾਯੋਜਿਤ ਮੂਲ ਬੈਂਕ ਕਰਜ਼ ਦਾ 10% ਜਾਂ ਤੁਲਨਾ-ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਰਬ ਕਰਜ਼ ਰਾਸ਼ੀ, ਇਨ੍ਹਾਂ ਵਿਚੋਂ ਜੋ ਵੀ ਜ਼ਿਆਦਾ ਹੋਵੇ, ਨਹੀਂ ਹੋਣਾ ਚਾਹੀਦਾ ਹੈ।

2.1.3 ਲਘੂ ਉਦਯੋਗ ਖੇਤਰ ਦੇ ਸਾਰੇ ਹਿੱਸਿਆਂ ਨੂੰ ਕਰਜ਼ ਦੀ ਉਪਲੱਬਧਤਾ ਨਿਸ਼ਚਿਤ ਕਰਨ ਹਿਤ, ਬੈਂਕਾਂ ਨੂੰ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ -

(ਕ) ਲਘੂ ਉਦਯੋਗ ਖੇਤਰ ਹਿਤ ਨਿਸ਼ਚਿਤ ਕੁਲ ਪੇਸ਼ਗੀ ਦਾ 40 ਪ੍ਰਤੀਸ਼ਤ ਅਜਿਹੇ ਮਾਈਕਰੋ (ਨਿਰਮਾਣ) ਉਦਯੋਗ, ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਰੀ ਵਿਚ 5 ਲੱਖ ਰੁਪਏ ਤੱਕ ਦਾ ਨਿਵੇਸ਼ ਹੋਵੇ, ਅਤੇ ਅਜਿਹੇ ਮਾਈਕਰੋ (ਸੇਵਾ) ਉਦਯੋਗ ਜਿਨ੍ਹਾਂ ਦਾ ਯੰਤਰਾਂ ਵਿਚ 2 ਲੱਖ ਰੁਪਏ ਤੱਕ ਦਾ ਨਿਵੇਸ਼ ਹੋਵੇ, ਨੂੰ ਦਿੱਤਾ ਜਾਣਾ ਚਾਹੀਦਾ ਹੈ।

(ਖ) ਲਘੂ ਉਦਯੋਗ ਖੇਤਰ ਦੇ ਲਈ ਨਿਸ਼ਚਿਤ ਕੁਲ ਪੇਸ਼ਗੀ ਦਾ 20% ਅਜਿਹੇ ਮਾਇਕਰੋ (ਨਿਰਮਾਣ) ਉਦਯੋਗ ਜਿਨ੍ਹਾਂ ਦਾ ਯੰਤਰ ਅਤੇ ਮਸ਼ੀਨਰੀ ਵਿਚ ਕੀਤਾ ਗਿਆ ਨਿਵੇਸ਼ 5 ਲੱਖ ਰੁਪਏ ਤੋਂ ਜ਼ਿਆਦਾ ਅਤੇ 25 ਲੱਖ ਰੁਪਏ ਤੱਕ ਹੋਵੇ; ਅਤੇ ਮਾਈਕਰੋ (ਸੇਵਾ) ਉਦਯੋਗ ਜਿਨ੍ਹਾਂ ਦਾ ਯੰਤਰਾਂ ਵਿਚ ਕੀਤਾ ਗਿਆ ਨਿਵੇਸ਼ 2 ਲੱਖ ਰੁਪਏ ਤੋਂ ਜ਼ਿਆਦਾ ਅਤੇ 10 ਲੱਖ ਰੁਪਏ ਤੱਕ ਹੋਵੇ, ਨੂੰ ਦਿੱਤਾ ਜਾਣਾ ਚਾਹੀਦਾ ਹੈ। (ਇਸ ਤਰ੍ਹਾਂ ਲਘੂ ਉਦਯੋਗ ਪੇਸ਼ਗੀਆਂ ਦਾ 60% ਮਾਈਕਰੋ ਉਦਯੋਗ ਨੂੰ ਜਾਣਾ ਚਾਹੀਦਾ ਹੈ।)

(ਮੂਲ ਬੈਂਕ ਕਰਜ਼ੇ ਦੇ ਅੰਕੜੇ ਭਾਰਤੀ ਰਿਜ਼ਰਵ ਬੈਂਕ ਅਧਿਨਿਯਮ, 1934 ਦੀ ਧਾਰਾ 42 (2) ਦੇ ਅੰਤਰਗਤ ਪੇਸ਼ ਪੰਦਰਵਾੜਾ ਸਾਰਨੀ ਦੇ ਅਨੁਸਾਰ ਹੋਣੇ ਚਾਹੀਦੇ ਹਨ। ਐਫਸੀਐਨਆਰ (ਬੀ) ਅਤੇ ਐਨਆਰਐਨਆਰ ਯੋਜਨਾਵਾਂ ਦੇ ਅੰਤਰਗਤ ਪੇਸ਼ ਬਕਾਇਆ ਜਮਾਂ ਰਾਸ਼ੀਆਂ ਨੂੰ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਟੀਚੇ/ ਉਪ ਟੀਚੇ ਦੀ ਗਣਨਾ ਦੇ ਲਈ ਮੂਲ ਬੈਂਕ ਕਰਜ਼ੇ ਤੋਂ ਕੱਢ ਦਿੱਤਾ ਜਾਵੇਗਾ। ਇਸ ਲਈ, ਐਨਆਰਐਨਆਰ ਯੋਜਨਾ ਨੂੰ ਖਤਮ ਕਰ ਦਿੱਤਾ ਗਿਆ ਹੈ, ਹਾਲਾਂਕਿ, ਐਨਆਰਐਨਆਰ ਖਾਤਾ ਯੋਜਨਾ ਦੇ ਅੰਤਰਗਤ ਵਰਤਮਾਨ ਖਾਤਿਆਂ ਨੂੰ ਕੇਵਲ ਮਿਆਦ ਪੁੱਗੀ ਤਾਰੀਖ਼ ਤਕ ਚਾਲੂ ਰੱਖਿਆ ਜਾਵੇ, ਜਿਵੇਂ ਕਿ ਮਿਤੀ 29 ਅਪ੍ਰੈਲ 2002 ਦੇ ਸਰਕੂਲਰ ਬੈਂਪਵਿਵਿ. ਡੀਆਈਆਰ. ਬੀਸੀ. 93/13.01.09/2001-02 ਵਿਚ ਸੂਚਿਤ ਕੀਤਾ ਗਿਆ ਹੈ।)

3. ਪਹਿਲਪ੍ਰਾਪਤ ਖੇਤਰ ਨੂੰ ਨਿਰਧਾਰਰਿਤ ਟੀਚਿਆਂ ਤੋਂ ਘੱਟ ਕਰਜ਼ੇ ਦੇਣ ਤੇ ਵਿਦੇਸ਼ੀ ਬੈਂਕਾਂ ਦੁਆਰਾ ਸਿਡਬੀ ਵਿਚ ਜਮ੍ਹਾਂ ਕੀਤੀ ਜਾਣ ਵਾਲੀ ਰਾਸ਼ੀ

3.1 ਜਿਨ੍ਹਾਂ ਵਿਦੇਸ਼ੀ ਬੈਂਕਾਂ ਨੇ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਦੇ ਲਈ ਨਿਰਧਾਰਿਤ ਟੀਚੇ/ਉਪ-ਟੀਚੇ ਤੋਂ ਘੱਟ ਕਰਜ਼ ਦਿੱਤੇ ਹਨ, ਉਨ੍ਹਾਂ ਨੂੰ ਭਾਰਤੀ ਲਘੂ ਉਦਯੋਗ ਵਿਕਾਸ ਬੈਂਕ (ਸਿਡਬੀ) ਦੁਆਰਾ ਸਥਾਪਿਤ ਕੀਤੇ ਜਾਣ ਵਾਲੇ ਉਦਯੋਗ ਵਿਕਾਸ ਨਿਧੀ (ਐਸਈਡੀਐਫ) ਵਿਚ ਜਾਂ ਭਾਰਤੀ ਰਿਜ਼ਰਵ ਬੈਂਕ ਦੁਆਰਾ ਨਿਰਧਾਰਿਤ ਕੀਤੇ ਜਾਣ ਵਾਲੇ ਮੰਤਵਾਂ ਦੇ ਲਈ ਅੰਸ਼ਦਾਨ ਕਰਨਾ ਹੋਵੇਗਾ।

3.2 ਅਜਿਹੇ ਵੰਡ ਦੇ ਮੰਤਵ ਦੇ ਲਈ, ਪਹਿਲਾਂ ਦੇ ਵਿਤੀ ਸਾਲ ਦੇ ਮਾਰਚ ਮਹੀਨੇ ਦੇ ਸੂਚਨਾ ਦੇਣ ਵਾਲੇ ਅਖੀਰਲੇ ਸ਼ੁਕਰਵਾਰ ਦੀ ਸਥਿਤੀ ਦੇ ਅਨੁਸਾਰ ਪ੍ਰਥਮਤਾ

ਪ੍ਰਾਪਤ ਖੇਤਰ ਨੂੰ ਉਧਾਰ ਦੇਣ ਦੇ ਸਬੰਧ ਵਿਚ ਪ੍ਰਾਪਤ ਪੱਧਰ ਨੂੰ ਹਿਸਾਬ ਵਿਚ ਲਿਆ ਜਾਵੇਗਾ।

3.3 ਐਸਈਡੀਐਫ ਦੀ ਮੂਲਭੂਤ ਨਿਧੀ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਾਲ-ਦਰ-ਸਾਲ ਅਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ। ਜਮ੍ਹਾਂ ਰਾਸ਼ੀਆਂ ਦੀ ਮਿਆਦ ਤਿੰਨ ਸਾਲ ਜਾਂ ਰਿਜ਼ਰਵ ਬੈਂਕ ਦੁਆਰਾ ਸਮੇਂ-ਸਮੇਂ ਤੇ ਨਿਰਧਾਰਿਤ ਅਨੁਸਾਰ ਹੋਵੇਗੀ। ਮੂਲਭੂਤ ਨਿਧੀ ਦਾ 50 ਪ੍ਰਤੀਸ਼ਤ ਅੰਸ਼ਦਾਨ ਉਚਿਤ ਅਨੁਪਾਤੀ ਅਧਾਰ ਤੇ ਉਨ੍ਹਾਂ ਵਿਦੇਸ਼ੀ ਬੈਂਕਾਂ ਦੁਆਰਾ ਕੀਤਾ ਜਾਵੇਗਾ, ਜਿਨ੍ਹਾਂ ਨੇ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਦੇਣ ਦੇ ਲਈ ਨਿਰਧਾਰਿਤ ਏਐਨਬੀਸੀ ਦੇ 32 ਪ੍ਰਤੀਸ਼ਤ ਜਾਂ ਤੁਲਨਾ-ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਬਰ ਕਰਜ਼ ਰਾਸ਼ੀ, ਇਨ੍ਹਾਂ ਵਿਚੋਂ ਜੋ ਵੀ ਜ਼ਿਆਦਾ ਹੋਵੇ, ਤੋਂ ਘੱਟ ਕਰਜ਼ੇ ਦਿੱਤੇ ਹੋਣ। ਮੂਲਭੂਤ ਨਿਧੀ ਦਾ ਬਕਾਇਆ 50 ਪ੍ਰਤੀਸ਼ਤ ਅੰਸ਼ਦਾਨ ਉਚਿਤ ਅਨੁਪਾਤੀ ਅਧਾਰ ਤੇ ਉਨ੍ਹਾਂ ਵਿਦੇਸ਼ੀ ਬੈਂਕਾਂ ਦੁਆਰਾ ਕੀਤਾ ਜਾਵੇਗਾ ਜਿਨ੍ਹਾਂ ਦੇ ਛੋਟੇ ਉਦਯੋਗ ਖੇਤਰ ਅਤੇ ਨਿਰਯਾਤ ਖੇਤਰ ਨੂੰ ਦਿੱਤੇ ਗਏ ਕਰਜ਼ੇ ਦੀ ਕਮੀ ਕੁਲ ਮਿਲਾਕੇ ਏਐਨਬੀਸੀ ਦੇ ਲੜੀ ਨੰਬਰ 10 ਪ੍ਰਤੀਸ਼ਤ ਅਤੇ 12 ਪ੍ਰਤੀਸ਼ਤ ਜਾਂ ਤੁਲਨਾ-ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਬਰ ਕਰਜ਼ ਰਾਸ਼ੀ, ਇਨ੍ਹਾਂ ਵਿਚੋਂ ਜੋ ਵੀ ਜ਼ਿਆਦਾ ਹੋ ਰਹੀ ਹੋਵੇ। ਹਾਲਾਂਕਿ, ਵਿਦੇਸ਼ੀ ਬੈਂਕਾਂ ਦੁਆਰਾ ਕੀਤਾ ਜਾਣ ਵਾਲਾ ਅੰਸ਼ਦਾਨ, ਵਿਦੇਸ਼ੀ ਬੈਂਕ ਦੇ ਲਈ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਦੇਣ ਦੇ ਨਿਰਧਾਰਿਤ ਟੀਚੇ / ਉਪ-ਟੀਚੇ ਦੀ ਪ੍ਰਾਪਤੀ ਵਿਚ ਆਈ ਕਮੀ ਦੀ ਰਾਸ਼ੀ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।

3.4 ਸਿਡਬੀ / ਜਾਂ ਅਜਿਹੀ ਹੋਰ ਕੋਈ ਸੰਸਥਾ, ਜਿਸ ਦਾ ਨਿਰਧਾਰਣ ਰਿਜ਼ਰਵ ਬੈਂਕ ਦੁਆਰਾ ਕੀਤਾ ਜਾਵੇਗਾ, ਨਿਧੀਆਂ ਦੀ ਜ਼ਰੂਰਤ ਪੈਣ ਤੇ ਇਕ ਮਹੀਨਾ ਪਹਿਲਾਂ ਸੂਚਨਾ ਦੇ ਕੇ ਵਿਦੇਸ਼ੀ ਬੈਂਕਾਂ ਨੂੰ ਅੰਸ਼ਦਾਨ ਕਰਨ ਦੇ ਲਈ ਕਹੇਗੀ।

3.5 ਵਿਦੇਸ਼ੀ ਬੈਂਕਾਂ ਦੇ ਅੰਸ਼ਦਾਨ ਤੇ ਵਿਆਜ ਦਰਾਂ, ਜਮ੍ਹਾਂ ਰਾਸ਼ੀਆਂ ਦੀ ਮਿਆਦ ਆਦਿ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਮੇਂ-ਸਮੇਂ ਤੇ ਨਿਰਧਾਰਿਤ ਕੀਤੀ ਜਾਵੇਗੀ।

4. ਵਿਭਿੰਨ ਮੰਤਵਾਂ ਦੇ ਲਈ ਵਿਨਿਯਮਿਕ ਭੁਗਤਾਨ ਪ੍ਰਵਾਨਗੀ ਦੇਣ ਸਮੇਂ, ਪ੍ਰਥਮਤਾ ਪ੍ਰਾਪਤ ਖੇਤਰ ਦੇ ਟੀਚਿਆਂ ਅਤੇ ਉਪ-ਟੀਚਿਆਂ ਨੂੰ ਪ੍ਰਾਪਤ ਨਾ ਕਰ ਸਕਣਾ ਇਕ ਵਿਚਾਰਯੋਗ ਮੱਦ ਹੋਵੇਗੀ।

(ਏਐਨਬੀਸੀ ਜਾਂ ਤੁਲਨਾ ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਬਰ ਜਮ੍ਹਾਂ ਰਾਸ਼ੀ (ਭਾਰਤੀ ਰਿਜ਼ਰਵ ਬੈਂਕ ਦੇ ਬੈਂਕਿੰਗ ਪ੍ਰਚਾਲਣ ਅਤੇ ਵਿਕਾਸ ਵਿਭਾਗ ਦੁਆਰਾ ਸਮੇਂ ਸਮੇਂ ਤੇ ਉਚਿਤ ਪਰਿਭਾਸ਼ਿਤ) ਦੀ ਗਣਨਾ ਪਿਛਲੇ ਸਾਲ ਦੀ 31 ਮਾਰਚ ਨੂੰ ਬਕਾਇਆ ਰਾਸ਼ੀ ਦੇ ਹਵਾਲੇ ਵਿਚ ਕੀਤੀ ਜਾਵੇਗੀ। ਇਸ ਮੰਤਵ ਦੇ ਲਈ ਬਕਾਇਆ ਐਫਸੀਐਨਆਰ (ਬੀ) ਅਤੇਐਨਆਰਐਨਆਰ ਜਮ੍ਹਾਂ ਬਕਾਇਆ ਨੂੰ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਕਰਜ਼ ਦੇਣ ਦੇ ਮੰਤਵ ਦੇ ਲਈ ਏਐਨਬੀਸੀ ਦੀ ਗਣਨਾ ਕਰਨ ਦੇ ਲਈ, ਹੁਣ ਘਟਾਇਆ ਨਹੀਂ ਜਾਵੇਗਾ। ਪ੍ਰਥਮਤਾ ਪ੍ਰਾਪਤ ਖੇਤਰ ਨੂੰ ਕਰਜ਼ੇ ਦੇਣ ਦੇ ਮੰਤਵ ਦੇ ਲਈ ਏਐਨਬੀਸੀ ਦਾ ਮਤਲਬ ਹੈ ਐਨਬੀਸੀ ਜਮ੍ਹਾਂ ਐਚਟੀਐਮ ਵਰਗ ਵਿਚ ਧਾਰਨ ਗੈਰ ਐਸਐਲਆਰ ਬਾਂਡਾਂ ਵਿਚ ਬੈਂਕਾਂ ਦੁਆਰਾ ਕੀਤਾ ਗਿਆ ਨਿਵੇਸ਼। ਭਾਰਤ ਸਰਕਾਰ ਦੁਆਰਾ ਜਾਰੀ ਪੁਨਰ ਪੂੰਜੀਕਰਨ ਬਾਂਡਾਂ ਵਿਚ ਬੈਂਕਾਂ ਦੁਆਰਾ ਕੀਤਾ ਗਿਆ ਨਿਵੇਸ਼ ਏਐਨਬੀਸੀ ਦੀ ਗਣਨਾ ਦੇ ਮੰਤਵ ਦੇ ਲਈ ਹਿਸਾਬ ਵਿਚ ਨਹੀਂ ਲਿਆ ਜਾਵੇਗਾ। ਮਿਤੀ 30.4.07 ਦੇ ਸਰਕੂਲਰ ਆਰਪੀਸੀਡੀ. ਨੰ. ਪਲਾਨ. ਬੀਸੀ. 84/04.09.01/2006-07 ਦੀ ਤਾਰੀਖ ਨੂੰ, ਐਚਟੀਐਮ ਵਰਗ ਵਿਚ ਧਾਰਨ ਗੈਰ ਐਸਐਲਆਰ ਬਾਂਡਾਂ ਵਿਚ ਬੈਂਕਾਂ ਦੁਆਰਾ ਕੀਤੇ ਗਏ ਮੌਜੂਦਾ ਨਿਵੇਸ਼ ਨੂੰ ਏਐਨਬੀਸੀ ਦੀ ਗਣਨਾ ਦੇ ਲਈ 31 ਮਾਰਚ 2010 ਤੱਕ ਹਿਸਾਬ ਵਿਚ ਨਹੀਂ ਲਿਆ ਜਾਵੇਗਾ। ਹਾਲਾਂਕਿ, ਐਚਟੀਐਮ ਵਰਗ ਵਿਚ ਧਾਰਨ ਗੈਰ-ਐਸਐਲਆਰ ਬਾਂਡਾਂ ਵਿਚ ਬੈਂਕਾਂ

ਦੁਆਰਾ ਕੀਤੇ ਗਏ ਨਵੇਂ ਨਿਵੇਸ਼ ਨੂੰ ਇਸ ਮੰਤਵ ਦੇ ਲਈ ਹਿਸਾਬ ਵਿਚ ਲਿਆ ਜਾਵੇਗਾ। ਪ੍ਰਥਮਤਾ ਪ੍ਰਾਪਤ ਖੇਤਰ ਨੂੰ ਕਰਜ਼ ਦੇਣ ਦੇ ਟੀਚਿਆਂ/ ਉਪ-ਟੀਚਿਆਂ, ਭਾਵੇਂ ਉਨ੍ਹਾਂ ਨੂੰ ਅਨੁਸੂਚੀ 8- ਤੁਲਨਾ-ਪੱਤਰ ਵਿਚ ਮੱਦ I(vi) - ''ਹੋਰਾਂ'' ਵਿਚ ''ਨਿਵੇਸ਼'' ਦੇ ਅੰਤਰਗਤ ਦਿਖਾਇਆ ਗਿਆ ਹੋਵੇ, ਨੂੰ ਪ੍ਰਾਪਤ ਨਾ ਕਰਨ ਦੇ ਬਦਲੇ ਨਾਬਾਰਡ/ ਸਿਡਬੀ, ਜਿਹੋ ਜਿਹੀ ਵੀ ਸਥਿਤੀ ਹੋਵੇ, ਵਿਚ ਰੱਖੀਆਂ ਗਈਆਂ ਜਮ੍ਹਾਂ ਰਾਸ਼ੀਆਂ ਨੂੰ ਐਚਟੀਐਮ ਵਰਗ ਵਿਚ ਧਾਰਨ ਗੈਰ ਐਸਐਲਆਰ ਬਾਂਡਾਂ ਵਿਚ ਕੀਤਾ ਗਿਆ ਨਿਵੇਸ਼ ਨਹੀਂ ਮੰਨਿਆ ਜਾਵੇਗਾ। ਤੁਲਨਾ-ਪੱਤਰ ਤੋਂ ਇਲਾਵਾ ਪ੍ਰਗਟਾਵੇ ਦੇ ਬਰਾਬਰ ਕਰਜ਼ ਰਾਸ਼ੀ ਦੀ ਗਣਨਾ ਕਰਨ ਦੇ ਮੰਤਵ ਦੇ ਲਈ, ਬੈਂਕ ਵਰਤਮਾਨ ਪ੍ਰਗਟਾਵਾ ਪ੍ਰਣਾਲੀ ਦਾ ਉਪਯੋਗ ਕਰਨ। ਪ੍ਰਥਮਤਾ ਪ੍ਰਾਪਤ ਖੇਤਰ ਨੂੰ ਕਰਜ਼ ਦੇਣ ਦੇ ਟੀਚਿਆਂ/ਉਪ-ਟੀਚਿਆਂ ਦੇ ਮੰਤਵ ਦੇ ਲਈ ਅੰਦਰੂਨੀ-ਬੈਂਕ ਪ੍ਰਗਟਾਵੇ ਨੂੰ ਹਿਸਾਬ ਵਿਚ ਨਹੀਂ ਲਿਆ ਜਾਵੇਗਾ।)

ਭਾਗ - IV

## ਲਘੂ ਉਦਯੋਗ ਖੇਤਰ ਨੂੰ ਉਧਾਰ ਦੇਣ ਦੇ ਲਈ
## ਸਧਾਰਣ ਦਿਸ਼ਾ-ਨਿਰਦੇਸ਼/ ਨਿਰਦੇਸ਼

1. ਪ੍ਰਤੀਬੇਨਤੀਆਂ ਦਾ ਨਿਪਟਾਰਾ

ਲਘੂ ਉਦਯੋਗ ਦੇ ਲਈ 25,000/- ਰੁਪਏ ਤੱਕ ਦੀ ਕਰਜ਼ ਸੀਮਾ ਵਾਲੇ ਸਾਰੀਆਂ ਪ੍ਰਤੀਬੇਨਤੀਆਂ ਦਾ ਨਿਪਟਾਰਾ ਦੋ ਹਫਤਿਆਂ ਵਿਚ ਹੋ ਜਾਣਾ ਚਾਹੀਦਾ ਹੈ ਅਤੇ 5 ਲੱਖ ਰੁਪਏ ਤੱਕ ਦੀ ਰਾਸ਼ੀ ਵਾਲੇ ਪ੍ਰਤੀਬੇਨਤੀਆਂ ਦਾ 4 ਹਫਤੇ ਦੇ ਅੰਦਰ, ਬਸ਼ਰਤੇ ਕਿ ਕਰਜ਼ ਪ੍ਰਤੀਬੇਨਤੀ ਹਰ ਤਰ੍ਹਾਂ ਨਾਲ ਪੂਰੇ ਭਰੇ ਹੋਣ ਅਤੇ ਉਨ੍ਹਾਂ ਦੇ ਨਾਲ ਇਕ ''ਚੈਕ ਲਿਸਟ'' ਹੋਵੇ।

2. ਅਨੁਸੰਗੀ

ਅਨੁਸੰਗੀ ਪ੍ਰਤਿਭੂਤੀ ਕਰਨ ਹਿਤ ਸਾਰੇ ਲਘੂ ਉਦਯੋਗ ਦੇ ਉਧਾਰ ਖਾਤਿਆਂ ਦੇ ਲਈ ਸੀਮਾ 5 ਲੱਖ ਰੁਪਏ ਹੈ। ਲਘੂ ਉਦਯੋਗ ਇਕਾਈਆਂ ਦਾ ਚੰਗਾ ਰਿਕਾਰਡ ਅਤੇ ਵਿਤ ਸਥਿਤੀ ਦੇ ਅਧਾਰ ਤੇ ਬੈਂਕ, ਕਰਜ਼ ਹਿਤ ਅਨੁਸੰਗੀ ਜ਼ਰੂਰਤਾਂ ਵਿਚ ਬਿਨਾਂ ਦੀ ਸੀਮਾ 25 ਲੱਖ ਰੁਪਏ ਤੱਕ ਵਧਾ ਸਕਦਾ ਹੈ (ਉਚਿਤ ਅਧਿਕਾਰੀ ਦੀ ਪ੍ਰਵਾਨਗੀ ਨਾਲ)।

3 ਮਿਸ਼ਰਿਤ ਕਰਜ਼

ਬੈਂਕਾਂ ਦੁਆਰਾ 1 ਕਰੋੜ ਰੁਪਏ ਤੱਕ ਦੀ ਮਿਸ਼ਰਿਤ ਕਰਜ਼ ਸੀਮਾ ਮਨਜ਼ੂਰ ਕੀਤੀ ਜਾ ਸਕਦੀ ਹੈ ਤਾਂ ਕਿ ਲਘੂ ਉਦਯੋਗ ਦੇ ਉਦਯੋਗਪਤੀ ਇਕ ਹੀ ਸਥਾਨ ਤੇ ਆਪਣੀ ਕਾਰਜਸ਼ੀਲ ਪੂੰਜੀ ਅਤੇ ਮਿਆਦੀ ਕਰਜ਼ ਜ਼ਰੂਰਤਾਂ ਦਾ ਉਪਯੋਗ ਕਰ ਸਕਣ।

4 ਲਘੂ ਉਦਯੋਗ / ਲਘੂ ਅਤੇ ਦਰਮਿਆਨੇ ਉਦਯੋਗ ਦੀ ਵਿਸ਼ੇਸ਼ੀਕ੍ਰਿਤ ਸ਼ਾਖਾਵਾਂ

ਸਰਕਾਰੀ ਖੇਤਰ ਦੇ ਬੈਂਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਹਰੇਕ ਜ਼ਿਲ੍ਹੇ ਵਿਚ ਘੱਟ ਤੋਂ ਘੱਟ ਇਕ ਵਿਸ਼ੇਸ਼ੀਕ੍ਰਿਤ ਸ਼ਾਖਾ ਖੋਲ੍ਹਣ। ਨਾਲ ਹੀ, ਬੈਂਕਾਂ ਨੂੰ ਆਗਿਆ ਦਿੱਤੀ ਗਈ ਹੈ ਕਿ ਉਹ 60% ਤੋਂ ਜ਼ਿਆਦਾ ਲਘੂ ਉਦਯੋਗ ਖੇਤਰ ਨੂੰ ਪੇਸ਼ਗੀ ਵਾਲੀ ਆਪਣੀ ਸਧਾਰਣ ਬੈਂਕਿੰਗ ਸ਼ਾਖਾਵਾਂ ਨੂੰ ਵਿਸ਼ੇਸ਼ੀਕ੍ਰਿਤ ਲਘੂ ਉਦਯੋਗ ਸ਼ਾਖਾਵਾਂ ਦੇ ਰੂਪ ਵਿਚ ਵਰਗੀਕਰਨ ਕਰ ਸਕਦੇ ਹਨ ਤਾਂ ਕਿ ਉਹ ਸਮੁੱਚੇ ਰੂਪ ਨਾਲ ਇਸ ਖੇਤਰ ਨੂੰ ਵਧੀਆ ਸੇਵਾ ਉਪਲੱਬਧ ਕਰਵਾਉਣ ਹਿਤ ਅਤੇ ਜ਼ਿਆਦਾ ਵਿਸ਼ੇਸ਼ੀਕ੍ਰਿਤ ਲਘੂ ਉਦਯੋਗ ਸ਼ਾਖਾਵਾਂ ਖੋਲ੍ਹ ਸਕਣ। ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਕਰਜ਼ ਵਿਚ ਵਾਧੇ ਹਿਤ ਭਾਰਤ ਸਰਕਾਰ ਦੁਆਰਾ ਘੋਸ਼ਿਤ ਪਾਲਸੀ ਪੈਕੇਜ ਦੇ ਅਨੁਸਾਰ, ਸਰਕਾਰੀ ਖੇਤਰ ਦੇ ਬੈਂਕ ਲਘੂ ਉਦਯੋਗ ਦੀ ਜ਼ਿਆਦਾਤਰ ਵਾਲੇ ਪਛਾਣੇ ਗਏ ਸਮੂਹਾਂ/ ਕੇਂਦਰਾਂ ਵਿਚ ਵਿਸ਼ੇਸ਼ੀਕ੍ਰਿਤ ਲਘੂ ਅਤੇ ਦਰਮਿਆਨੇ ਉਦਯੋਗ ਸ਼ਾਖਾਵਾਂ ਨਿਸ਼ਚਿਤ ਕਰਨਗੇ ਤਾਂ ਕਿ ਉਦਯੋਗਪਤੀ ਅਸਾਨੀ ਨਾਲ ਬੈਂਕ ਕਰਜ਼ ਲੈ ਸਕਣ ਅਤੇ ਬੈਂਕ ਕ੍ਰਾਮਿਕ ਜ਼ਰੂਰਤ ਮਾਹਿਰਤਾ ਵਿਕਸਿਤ ਕਰ ਸਕਣ। ਮੌਜੂਦ ਵਿਸ਼ੇਸ਼ੀਕ੍ਰਿਤ ਲਘੂ ਉਦਯੋਗ ਸ਼ਾਖਾਵਾਂ ਦਾ ਲਘੂ ਅਤੇ ਦਰਮਿਆਨੇ ਉਦਯੋਗ ਸ਼ਾਖਾਵਾਂ ਦੇ ਰੂਪ ਵਿਚ ਪੁਨਰਨਾਮਾਂਕਿਤ ਕੀਤਾ ਜਾਵੇ। ਹਾਲਾਂਕਿ ਉਨ੍ਹਾਂ ਦੀ ਮਹੱਤਵਪੂਰਣ ਸਮਰੱਥਾ ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਵਿਤ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਨ ਹਿਤ ਉਪਯੋਗ ਵਿਚ ਲਿਆਂਦੀਆਂ ਜਾਣਗੀਆਂ, ਉਨ੍ਹਾਂ ਦੇ ਕੋਲ ਹੋਰ ਖੇਤਰਾਂ/ ਉਧਾਰਕਰਤਾਵਾਂ ਨੂੰ ਵਿਤ / ਹੋਰ ਸੇਵਾਵਾਂ ਪ੍ਰਦਾਨ ਕਰਨ ਦਾ ਪਰਿਚਾਲਣ ਸਬੰਧੀ ਲਚਕੀਲਾਪਨ ਰਹੇਗਾ।

5 ਦੇਰੀ ਨਾਲ ਕੀਤਾ ਭੁਗਤਾਨ

ਲਘੂ ਉਦਯੋਗ ਅਤੇ ਸਬੰਧਤ ਉਦਯੋਗਿਕ ਉਦਮਾਂ ਨੂੰ ਦੇਰੀ ਨਾਲ ਭੁਗਤਾਨ ਤੇ ਵਿਆਜ ਨਾਲ ਸਬੰਧਤ ਸੰਸ਼ੋਧਨ ਅਧਿਨਿਯਮ, 1998 ਦੇ ਅੰਤਰਗਤ, ਲਘੂ ਉਦਯੋਗ ਇਕਾਈਆਂ ਨੂੰ ਦੇਰੀ ਨਾਲ ਭੁਗਤਾਨ ਦੀ ਦੇਖ-ਭਾਲ ਦੇ ਲਈ ਦੰਡ ਦੇਣ ਯੋਗ ਉਪਬੰਧ ਸ਼ਾਮਲ ਕੀਤੇ ਗਏ ਹਨ ਜੋ ਹੋਰ ਗੱਲਾਂ ਦੇ ਨਾਲ-ਨਾਲ ਇਹ ਨਿਸ਼ਚਿਤ ਕਰਦਾ ਹੈ ਕਿ (ਕ) ਵੇਚਣ ਵਾਲੇ

ਅਤੇ ਖਰੀਦਣ ਵਾਲੇ ਦੇ ਵਿਚ ਸਮਝੌਤਾ 120 ਦਿਨ ਤੋਂ ਜ਼ਿਆਦਾ ਨਾ ਹੋਵੇ (ਖ) 120 ਦਿਨ ਤੋਂ ਜ਼ਿਆਦਾ ਸਹਿਮਤ ਸਮੇਂ ਦੇ ਬਾਅਦ ਦੇਰੀ ਦੇ ਲਈ ਖਰੀਦਣ ਵਾਲਿਆਂ ਦੁਆਰਾ ਭਾਰਤੀ ਸਟੇਟ ਬੈਂਕ ਦੀ ਮੂਲ ਉਧਾਰ ਦਰ ਦਾ 11/2 ਗੁਣਾ ਵਿਆਜ ਦਾ ਭੁਗਤਾਨ ਕੀਤਾ ਜਾਵੇ। ਨਾਲ ਹੀ, ਬੈਂਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਵਿਸ਼ੇਸ਼ : ਲਘੂ ਉਦਯੋਗ ਨਾਲ ਖਰੀਦ ਨਾਲ ਸਬੰਧਤ ਭੁਗਤਾਨ ਰੋਕੇ ਜਾਣ ਦੀ ਪੂਰਤੀ ਹਿਤ ਵੱਡੇ ਉਧਾਰਕਰਤਾਵਾਂ ਦੇ ਲਈ ਸਮੁੱਚੇ ਕਾਰਜਕਾਰੀ ਪੂੰਜੀ ਸੀਮਾਵਾਂ ਦੇ ਅੰਦਰ ਉਪ-ਸੀਮਾਵਾਂ ਨਿਰਧਾਰਤ ਕਰਨ।

ਮਾਈਕਰੋ, ਲਘੂ ਅਤੇ ਦਰਮਿਆਨੇ ਉਦਯੋਗ ਵਿਕਾਸ ਅਧਿਨਿਯਮ (ਐਮਐਸਐਮਈਡੀ), 2006 ਲਾਗੂ ਹੋਣ ਦੇ ਬਾਅਦ, ਲਘੂ ਅਤੇ ਸਬੰਧਤ ਉਦਯੋਗਿਕ ਉਦਮਾਂ ਦੇ ਲਈ ਦੇਰੀ ਭੁਗਤਾਨ ਤੇ ਵਿਆਜ ਅਧਿਨਿਯਮ, 1998 ਦੇ ਵਰਤਮਾਨ ਉਪਬੰਧਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਜੋ ਹੇਠ ਅਨੁਸਾਰ ਹੈ :

(i) ਖਰੀਦਣ ਵਾਲਾ ਅਤੇ ਸਪਲਾਈਕਰਤਾ ਦੇ ਵਿਚ ਨਿਰਧਾਰਤ ਤਾਰੀਖ ਨੂੰ ਜਾਂ ਉਸ ਤੋਂ ਪਹਿਲਾਂ ਖਰੀਦਣ ਵਾਲਾ ਦੁਆਰਾ ਲਿਖਤ ਰੂਪ ਵਿਚ ਭੁਗਤਾਨ ਕਰਨਾ ਜਾਂ, ਜੇਕਰ ਕੋਈ ਸਮਝੌਤਾ ਨਹੀਂ ਹੋਇਆ ਹੋਵੇ ਤਾਂ ਨਿਸ਼ਚਿਤ ਦਿਨ ਤੋਂ ਪਹਿਲਾਂ ਭੁਗਤਾਨ ਕਰਨਾ। ਵੇਚਣ ਵਾਲੇ ਅਤੇ ਖਰੀਦਣ ਵਾਲੇ ਦੇ ਵਿਚ ਹੋਏ ਸਮਝੌਤੇ ਦਾ ਸਮਾਂ 45 ਦਿਨ ਤੋਂ ਜ਼ਿਆਦਾ ਨਹੀਂ ਹੋਵੇਗਾ।

(ii) ਜੇਕਰ ਖਰੀਦਣ ਵਾਲਾ ਸਪਲਾਈਕਰਤਾ ਨੂੰ ਰਾਸ਼ੀ ਦਾ ਭੁਗਤਾਨ ਨਹੀਂ ਕਰ ਸਕਿਆ ਤਾਂ ਇਹ ਰਾਸ਼ੀ ਤੇ ਨਿਸ਼ਚਿਤ ਦਿਨ ਜਾਂ ਨਿਰਧਾਰਤ ਤਾਰੀਖ ਤੋਂ ਰਿਜ਼ਰਵ ਬੈਂਕ ਦੁਆਰਾ ਅਧਿਸੂਚਿਤ ਬੈਂਕ ਦਰ ਦਾ ਤਿੰਨ ਗੁਣਾਂ ਚੱਕਰਵਰਤੀ ਵਿਆਜ, ਮਹੀਨੇ ਵਿਚਕਾਰ ਸਹਿਤ ਭੁਗਤਾਨ ਕਰਨਾ ਪਵੇਗਾ।

(iii) ਸਪਲਾਈਕਰਤਾ ਦੁਆਰਾ ਮਾਲ ਜਾਂ ਸੇਵਾ ਦੀ ਅਪੂਰਤੀ ਤੇ ਲਈ ਖਰੀਦਣ ਵਾਲਾ ਉਕਤ (ii) ਵਿਚ ਸੂਚਿਤ ਵਿਆਜ ਦਾ ਭੁਗਤਾਨ ਕਰੇਗਾ।

(iv) ਦੇਣਯੋਗ ਰਾਸ਼ੀ ਵਿਚ ਝਗੜਾ ਹੋਣ ਤੇ ਸਬੰਧਤ ਰਾਜ ਸਰਕਾਰ ਦੁਆਰਾ ਗਠਿਤ ਮਾਈਕਰੋ ਅਤੇ ਲਘੂ ਉਦਯੋਗ ਸੁਵਿਧਾ ਸੇਵਾ ਪਰਿਸ਼ਦ ਨਾਲ ਸੰਪਰਕ ਕੀਤਾ ਜਾਵੇਗਾ।

6. **ਬੀਮਾਰ ਲਘੂ ਉਦਯੋਗ ਇਕਾਈਆਂ ਦੇ ਪੁਨਰਵਾਸ ਤੇ ਦਿਸ਼ਾ ਨਿਰਦੇਸ਼ (ਕੋਹਲੀ ਕਾਰਜਕਾਰੀ ਸਮੂਹ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ)**

ਪਰਿਭਾਸ਼ਾ ਦੇ ਅਨੁਸਾਰ ਕਿਸੇ ਇਕਾਈ ਨੂੰ ਉਦੋਂ ਬੀਮਾਰ ਮੰਨਿਆ ਜਾਵੇਗਾ ਜਦੋਂ ਇਕਾਈ ਦਾ ਕੋਈ ਉਧਾਰ ਖਾਤਾ ਛੇ ਮਹੀਨੇ ਤੋਂ ਜ਼ਿਆਦਾ ਸਮੇਂ ਦੇ ਲਈ ਅਨਾਦਰ ਰਹਿੰਦਾ ਹੋਵੇ ਜਾਂ ਪੂਰਵ ਲੇਖਾ ਸਾਲ ਦੇ ਦੌਰਾਨ ਉਨ੍ਹਾਂ ਦੇ ਮੂਲ ਮੁੱਲ ਦੇ 50% ਤੱਕ ਇਕੱਠਾ ਕੀਤਾ ਹੋਇਆ ਨਕਦ ਹਾਨੀ ਦੇ ਕਾਰਨ ਮੂਲ ਮੁੱਲ ਵਿਚ ਖੋਰ ਹੋਇਆ ਹੋਵੇ ਅਤੇ ਘੱਟ ਤੋਂ ਘੱਟ ਦੋ ਸਾਲ ਦੇ ਲਈ ਇਕਾਈ ਵਣਜੀ ਉਤਪਾਦਨ ਨਾਲ ਜੁੜੀ ਹੋਵੇ। ਉਕਤ ਮਾਨਦੰਡ ਤੋਂ ਬੈਂਕ ਅਰੰਭਿਕ ਹਾਲਤ ਵਿਚ ਬੀਮਾਰੀ ਪਹਿਚਾਣ ਸਕਣਗੇ ਅਤੇ ਇਕਾਈ ਦੇ ਪੁਨਰਗਠਨ ਹਿਤ ਸੁਧਾਰਆਤਮਕ ਉਪਾਅ ਕਰ ਸਕਣਗੇ। ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਇਕਾਈ ਦੇ ਸੰਭਵ ਰੂਪ ਨਾਲ ਸ਼ਨਾਖਤ / ਸ਼ਨਾਖਤ ਘੋਸ਼ਿਤ ਕਰਨ ਦੀ ਤਾਰੀਖ਼ ਤੋਂ ਛੇ ਮਹੀਨੇ ਦੇ ਅੰਦਰ ਪੁਨਰਵਾਸ ਪੈਕੇਜ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਪੁਨਰਵਾਸ ਪੈਕਜ ਨੂੰ ਪਹਿਚਾਨਣ ਅਤੇ ਲਾਗੂ ਕਰਨ ਦੀ ਇਸ ਛੇ ਮਹੀਨੇ ਦੇ ਸਮੇਂ ਦੇ ਦੌਰਾਨ ਬੈਂਕਾਂ/ ਵਿਤੀ ਸੰਸਥਾਵਾਂ ਤੋਂ ਇਹ ਜ਼ਰੂਰੀ ਹੈ ਕਿ ਉਹ "ਧਾਰਨ ਪ੍ਰਚਾਲਣ" ਕਰਨ ਤਾਂ ਕਿ ਬੀਮਾਰ ਇਕਾਈ ਤੋਂ ਘੱਟ ਨਾਲ ਵਿਕਰੀ ਆਮਦਨ ਜਮ੍ਹਾਂ ਰਾਸ਼ੀ ਤੱਕ ਨਗਦੀ ਕਰਜ਼ ਖਾਤੇ ਵਿਚ ਫੰਡ ਕੱਢਵਾ ਸਕਣ। ਸੰਭਵ ਰੂਪ ਨਾਲ ਸ਼ਨਾਖਤ ਬੀਮਾਰ ਲਘੂ ਉਦਯੋਗ ਇਕਾਈਆਂ ਦੇ ਪੁਨਰਗਠਨ ਹਿਤ ਰਾਹਤ ਅਤੇ ਰਿਆਇਤ ਦੇ ਲਈ ਵਿਆਪਕ ਮਾਨਦੰਡ ਹੇਠ ਅਨੁਸਾਰ ਹਨ :

| | | |
|---|---|---|
| (i) | **ਕਾਰਜਸ਼ੀਲ ਪੂੰਜੀ ਤੇ ਵਿਆਜ** | ਵਰਤਮਾਨ ਨਿਰਧਾਰਤ / ਮੂਲ ਉਧਾਰ ਦਰ ਨਾਲ 1.5% ਘੱਟ ਵਿਆਜ ਜਿੱਥੇ ਲਾਗੂ ਹੋਵੇ |
| (ii) | **ਫੰਡ ਵਿਆਜ ਮਿਆਦੀ ਕਰਜ਼** | ਵਿਆਜ ਰਹਿਤ |
| (iii) | **ਕਾਰਜਸ਼ੀਲ ਪੂੰਜੀ ਮਿਆਦੀ ਕਰਜ਼** | ਵਰਤਮਾਨ ਨਿਰਧਾਰਤ /ਮੂਲ ਉਧਾਰ ਦਰ ਤੋਂ 1.5% ਘੱਟ ਵਿਆਜ ਲਗਾਇਆ ਜਾਵੇਗਾ, ਜਿੱਥੇ ਲਾਗੂ ਹੋਵੇ |
| (iv) | **ਮਿਆਦੀ ਕਰਜ਼ਾ** | ਵਿਆਜ ਵਿਚ ਦਿੱਤੀ ਜਾਣ ਵਾਲੀ ਰਿਆਇਤ, ਦਸਤਾਵੇਜ਼ ਦਰ ਤੋਂ 2% ਤੋਂ ਜ਼ਿਆਦਾ ਹੇਠ੍ਹਾਂ ਨਾ ਹੋਵੇ (ਬਹੁਤ ਛੋਟੇ/ਵਿਕੇਂਦਰਿਤ ਯੂਨਿਟਾਂ ਦੇ ਮਾਮਲੇ ਵਿਚ 3% ਤੋਂ ਜ਼ਿਆਦਾ ਹੇਠ੍ਹਾਂ ਨਾ ਹੋਵੇ।) |
| (v) | **ਅਚੇਤ ਖਰਚ ਕਰਜ਼ ਸਹਾਇਤਾ** | ਕਾਰਜਸ਼ੀਲ ਪੂੰਜੀ ਸਹਾਇਤਾ ਦੇ ਲਈ ਰਿਆਇਤੀ ਦਰ |

## 7. ਰਾਜ ਪੱਧਰੀ ਅੰਤਰ ਸੰਸਥਾਗਤ ਸਭਾ

ਬੀਮਾਰ ਲਘੂ ਉਦਯੋਗ ਇਕਾਈਆਂ ਦੇ ਪੁਨਰਵਾਸ ਹਿਤ ਤਾਲਮੇਲ ਦੀਆਂ ਸਮੱਸਿਆਵਾਂ ਤੋਂ ਨਿਪਟਨ ਦੇ ਲਈ, ਸਾਰੇ ਰਾਜਾਂ ਵਿਚ ਰਾਜ ਪੱਧਰੀ ਅੰਤਰ ਸੰਸਥਾਗਤ ਸਭਾਵਾਂ ਗਠਿਤ ਕੀਤੀਆਂ ਗਈਆਂ ਹਨ। ਇਨ੍ਹਾਂ ਸਭਾਵਾਂ ਦੀਆਂ ਸਭਾਵਾਂ ਦੀਆਂ ਬੈਠਕਾਂ ਭਾਰਤੀ ਰਿਜ਼ਰਵ ਬੈਂਕ ਦੇ ਖੇਤਰੀ ਦਫ਼ਤਰਾਂ ਦੁਆਰਾ ਸਬੰਧਤ ਰਾਜ ਸਰਕਾਰ ਦੇ ਉਦਯੋਗ ਡਾਇਰੈਕਟਰ ਦੀ ਪ੍ਰਧਾਨਗੀ ਵਿਚ ਕੀਤੀ ਜਾਂਦੀ ਹੈ। ਇਹ ਸਭਾ ਇਕ ਤਰ੍ਹਾਂ ਰਾਜ ਸਰਕਾਰ ਦੇ ਅਧਿਕਾਰੀਆਂ ਅਤੇ ਰਾਜ ਪੱਧਰੀ ਸੰਸਥਾਨਾਂ ਅਤੇ ਦੂਜੇ ਪਾਸੇ ਮਿਆਦੀ ਕਰਜ਼ ਸੰਸਥਾਨਾਂ ਅਤੇ ਬੈਂਕਾਂ ਦੇ ਵਿਚ ਬਹੁਤਾਤ ਅਦਾਨ-ਪ੍ਰਦਾਨ ਹਿਤ ਉਪਯੋਗੀ ਮੰਚ ਉਪਲੱਬਧ ਕਰਵਾਉਂਦੀ ਹੈ।

ਇਹ ਉਨ੍ਹਾਂ ਇਕਾਈਆਂ ਨੂੰ ਕਾਰਜਕਾਰੀ ਪੂੰਜੀ ਪ੍ਰਵਾਨ ਕਰਨ ਤੇ ਸਖਤ ਨਿਗਰਾਨੀ ਰੱਖਦਾ ਹੈ ਜਿਨ੍ਹਾਂ ਨੂੰ ਐਸਐਫਸੀ ਦੁਆਰਾ ਮਿਆਦੀ ਕਰਜ਼ ਉਪਲੱਬਧ ਕਰਵਾਇਆ ਗਿਆ ਹੋਵੇ,

ਵਿਸ਼ੇਸ਼ ਯੋਜਨਾਵਾਂ ਜਿਵੇਂ  ਰਾਜ ਸਰਕਾਰ ਦੀ ਮਾਰਜਨ ਮਨੀ ਯੋਜਨਾ, ਸਿਡਬੀ ਦੀ ਰਾਸ਼ਟਰੀ ਇਕਵਟੀ ਨਿਧੀ ਯੋਜਨਾ ਨੂੰ ਸੰਪਾਦਿਤ ਕਰਦਾ ਹੈ ਅਤੇ ਬੈਂਕਾਂ ਦੁਆਰਾ ਪੇਸ਼ ਬਿਓਰੇ ਦੇ ਅਧਾਰ ਤੇ ਉਦਯੋਗਾਂ ਦੀਆਂ ਸਧਾਰਣ ਸਮੱਸਿਆਵਾਂ ਅਤੇ ਲਘੂ ਉਦਯੋਗ ਵਿਚ ਬੀਮਾਰੀਆਂ ਦੀ ਸਮੀਖਿਆ ਕਰਦਾ ਹੈ। ਦੂਜਿਆਂ ਦੇ ਨਾਲ-ਨਾਲ, ਸਥਾਨੀ ਰਾਜ ਪੱਧਰੀ ਲਘੂ ਉਦਯੋਗ ਸੰਘ ਦੇ ਪ੍ਰਤੀਨਿਧੀਆਂ ਨੂੰ ਤਿਮਾਹੀ ਅਧਾਰ ਤੇ ਅਯੋਜਿਤ ਐਸਐਲਆਈਆਈਸੀ ਦੀਆਂ ਬੈਠਕਾਂ ਵਿਚ ਬੁਲਾਇਆ ਜਾਂਦਾ ਹੈ। ਐਸਐਲਆਈਆਈਸੀ ਦੀ ਇਕ ਉਪ-ਬੈਠਕ ਹਰੇਕ ਬੀਮਾਰ ਲਘੂ ਉਦਯੋਗ ਇਕਾਈ ਦੀਆਂ ਸਮੱਸਿਆਵਾਂ ਦੀ ਜਾਂਚ ਕਰਦੀ ਹੈ ਅਤੇ ਆਪਣੀ ਸਿਫਾਰਿਸ਼ ਐਸਐਲਆਈਆਈਸੀ ਦੇ ਸਟੇਜ ਦੇ ਸਾਹਮਣੇ ਵਿਚਾਰ ਹਿਤ ਪੇਸ਼ ਕਰਦੀ ਹੈ।

## 8. ਲਘੂ ਅਤੇ ਦਰਮਿਆਨੇ ਉਦਯੋਗ ਦੇ ਲਈ ਅਧਿਕਾਰ ਪ੍ਰਾਪਤ ਸਭਾ

ਭਾਰਤੀ ਰਿਜ਼ਰਵ ਬੈਂਕ ਦੇ ਖੇਤਰੀ ਦਫ਼ਤਰਾਂ ਵਿਚ, ਯੂਨੀਅਨ ਵਿਤ ਮੰਤਰੀ ਦੁਆਰਾ ਕੀਤੀ ਗਈ ਘੋਸ਼ਣਾ ਦੇ ਅਨੁਸਾਰ, ਖੇਤਰੀ ਡਾਇਰੈਕਟਰਾਂ ਦੀ ਪ੍ਰਧਾਨਗੀ ਵਿਚ ਲਘੂ ਅਤੇ ਦਰਮਿਆਨੇ ਉਦਯੋਗਾਂ ਤੇ ਅਧਿਕਾਰ ਪ੍ਰਾਪਤ ਸਭਾਵਾਂ ਗਠਿਤ ਕੀਤੀਆਂ ਗਈਆਂ ਹਨ। ਇਨ੍ਹਾਂ ਸਭਾਵਾਂ ਵਿਚ ਰਾਜ ਪੱਧਰੀ ਬੈਂਕਰ ਸਭਾ ਸੰਯੋਜਕ ਦੇ ਪ੍ਰਤਿਨਿਧ, ਦੋ ਬੈਂਕਾਂ, ਜਿਨ੍ਹਾਂ ਦਾ ਰਾਜ ਵਿਚ ਲਘੂ ਅਤੇ ਦਰਮਿਆਨੇ ਉਦਯੋਗ ਨੂੰ ਵਿਤੀ ਪ੍ਰਬੰਧ ਵਿਚ ਜ਼ਿਆਦਾਤਰ ਹਿੱਸਾ ਹੋਵੇ, ਦੇ ਸੀਨੀਅਰ ਪੱਧਰ ਦੇ ਅਧਿਕਾਰੀ, ਸਿਡਬੀ ਖੇਤਰ ਦੇ ਪ੍ਰਤਿਨਿਧੀ, ਰਾਜ ਸਰਕਾਰ ਉਦਯੋਗ ਦੇ ਡਾਇਰੈਕਟਰ, ਰਾਜ ਵਿਚ ਲਘੂ ਅਤੇ ਦਰਮਿਆਨੇ ਉਦਯੋਗ / ਲਘੂ ਉਦਯੋਗ ਸੰਘ ਦੇ ਇਕ ਜਾਂ ਦੋ ਸੀਨੀਅਰ ਪੱਧਰ ਦੇ ਪ੍ਰਤਿਨਿਧੀ ਅਤੇ ਐਸਐਫਸੀ / ਐਸਆਈਡੀਸੀ ਤੋਂ ਇਕ ਸੀਨੀਅਰ ਅਧਿਕਾਰੀ ਮੈਂਬਰ ਦੇ ਰੂਪ ਵਿਚ ਹੋਣਗੇ। ਇਸ ਸਭਾ ਦੀ ਬੈਠਕ ਨਿਸ਼ਚਿਤ ਸਮੇਂ ਤੇ ਹੋਵੇਗੀ ਅਤੇ ਲਘੂ ਅਤੇ ਦਰਮਿਆਨੇ ਉਦਯੋਗ ਦੇ ਵਿਤੀ ਪ੍ਰਬੰਧ ਵਿਚ ਹੋਈ ਪ੍ਰਗਤੀ ਅਤੇ ਬੀਮਾਰ ਲਘੂ ਉਦਯੋਗ / ਦਰਮਿਆਨੇ ਉਦਯੋਗ ਇਕਾਈਆਂ ਦੇ ਪੁਨਰਵਾਸ ਦੀ ਵੀ ਸਮੀਖਿਆ ਕਰੇਗੀ। ਇਹ ਖੇਤਰ ਨੂੰ ਸਹਿਜ  ਕਰਜ ਉਪਲੱਬਧਤਾ ਨਿਸ਼ਚਿਤ ਕਰਨ ਵਿਚ ਆਉਣ ਵਾਲੀਆਂ ਮੁਸ਼ਕਲਾਂ, ਜੇਕਰ ਕੋਈ ਹੋਣ, ਦੇ ਨਿਵਾਰਣ ਹਿਤ ਹੋਰ ਬੈਂਕਾਂ/ ਵਿਤ ਸੰਸਥਾਵਾਂ ਅਤੇ ਰਾਜ ਸਰਕਾਰ ਦੇ ਨਾਲ ਤਾਲਮੇਲ

ਕਰੇਗੀ। ਇਹ ਸਭਾਵਾਂ ਸਮੂਹ / ਜ਼ਿਲ੍ਹਾ ਪੱਧਰ ਤੇ ਅਜਿਹੀਆਂ ਸਭਾਵਾਂ ਗਠਿਤ ਕਰਨ ਦੀ ਜ਼ਰੂਰਤ ਦਾ ਫੈਸਲਾ ਲਵੇਗੀ।

9. ਲਘੂ ਅਤੇ ਦਰਮਿਆਨੇ ਉਦਯੋਗ ਹਿਤ ਕਰਜ ਪੁਨਰਗਠਨ ਪ੍ਰਣਾਲੀ

ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਉਧਾਰ ਵਧਾਉਣ ਹਿਤ ਮਾਣਯੋਗ ਵਿਤ ਮੰਤਰੀ ਦੁਆਰਾ ਕੀਤੀ ਗਈ ਘੋਸ਼ਣਾ ਦੇ ਭਾਗ ਦੇ ਰੂਪ ਵਿਚ, ਭਾਰਤੀ ਰਿਜ਼ਰਵ ਬੈਂਕ ਦੇ ਬੈਂਕਿੰਗ ਪ੍ਰਚਾਲਣ ਅਤੇ ਵਿਕਾਸ ਵਿਭਾਗ ਦੁਆਰਾ ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਦੀਆਂ ਇਕਾਈਆਂ ਦੇ ਲਈ ਇਕ ਕਰਜ ਪੁਨਰਗਠਨ ਤਰਕੀਬ ਬਣਾਈ ਗਈ ਹੈ ਅਤੇ ਇਸਦੀ ਸੂਚਨਾ ਸਾਰੇ ਵਣਜੀ ਬੈਂਕਾਂ ਨੂੰ ਮਿਤੀ 8.9.2005 ਦੇ ਸਰਕੂਲਰ ਬੈਂਪਵਿਵਿ.ਬੀਪੀ.ਬੀਸੀ. ਨੰ. 34/21.04.132/2005-06 ਦੁਆਰਾ ਦਿੱਤੀ ਗਈ। ਇਹ ਵਿਸਥਾਰਪੂਰਵਕ ਦਿਸ਼ਾ-ਨਿਰਦੇਸ਼ ਸਾਰੇ ਪਾਤਰ ਲਘੂ ਅਤੇ ਦਰਮਿਆਨੇ ਉਦਯੋਗਾ ਦੇ ਕਰਜ ਪੁਨਰਗਠਨ ਨਿਸ਼ਚਿਤ ਕਰਨ ਹਿਤ ਜਾਰੀ ਕੀਤੇ ਗਏ ਹਨ। ਇਹ ਦਿਸ਼ਾ-ਨਿਰਦੇਸ਼ ਹੇਠ ਲਿਖਤ ਸੰਸਥਾਵਾਂ ਉਤੇ ਲਾਗੂ ਹੋਣਗੇ ਜੋ ਆਰਥਿਕ ਰੂਪ ਨਾਲ ਸਮਰੱਥ ਜਾਂ ਸੰਭਾਵਿਤ ਰੂਪ ਨਾਲ ਆਰਥਿਕ ਰੂਪ ਨਾਲ ਸਮਰੱਥ ਹਨ :

ਕ) ਸਾਰੇ ਗੈਰ ਨਿਗਮੀ ਲਘੂ ਅਤੇ ਦਰਮਿਆਨੇ ਉਦਯੋਗ ਚਾਹੇ ਬੈਂਕਾਂ ਨੂੰ ਦੇਣਯੋਗ ਰਾਸ਼ੀ ਦਾ ਪੱਧਰ ਜੋ ਵੀ ਹੋਵੇ।

ਖ) ਸਾਰੇ ਨਿਗਮੀ ਲਘੂ ਅਤੇ ਦਰਮਿਆਨੇ ਉਦਯੋਗ, ਜਿੰਨਾਂ ਨੂੰ ਇਕ ਹੀ ਬੈਂਕ ਤੋਂ ਬੈਂਕਿੰਗ ਸੁਵਿਧਾਵਾਂ ਉਪਲੱਬਧ ਹਨ, ਚਾਹੇ ਬੈਂਕਾਂ ਨੂੰ ਜ਼ਿਆਦਾ ਦੇਣਯੋਗ ਰਾਸ਼ੀ ਦਾ ਪੱਧਰ ਜੋ ਵੀ ਹੋਵੇ।

ਗ) ਸਾਰੇ ਨਿਗਮੀ ਲਘੂ ਅਤੇ ਦਰਮਿਆਨੇ ਉਦਯੋਗ ਜਿੰਨਾਂ ਦਾ ਬਹੁ-ਭਾਂਤੀ/ ਸੰਘੀ ਬੈਂਕਿੰਗ ਵਿਵਸਥਾ ਦੇ ਅੰਤਰਗਤ ਫੰਡ ਅਤੇ ਗੈਰ-ਫੰਡ ਬਕਾਇਆ 10 ਕਰੋੜ ਰੁਪਏ ਤੱਕ ਹੋਵੇ।

ਘ) ਅਜਿਹੇ ਖਾਤੇ ਜਿੰਨਾਂ ਵਿਚੋਂ ਜਾਣ-ਬੁਝ ਕੇ ਕੀਤੀ ਗਈ ਗਲਤੀ, ਬੇਈਮਾਨੀ ਅਤੇ ਧੋਖਾ ਹੋਵੇ, ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਅੰਤਰਗਤ ਪੁਨਰਗਠਨ ਦੇ ਲਈ ਪਾਤਰ ਨਹੀਂ ਹੋਣਗੇ।

ਙ) ਬੈਂਕਾ ਦੁਆਰਾ ''ਹਾਨੀ ਸੰਪਤੀਆਂ'' ਦੇ ਰੂਪ ਵਿਚ ਵਰਗੀਕਰਨ ਕੀਤੇ ਗਏ ਖਾਤੇ ਪੁਨਰਗਠਨ ਦੇ ਲਈ ਪਾਤਰ ਨਹੀਂ ਹੋਣਗੇ।

ਸਾਰੇ ਨਿਗਮੀ ਲਘੂ ਅਤੇ ਦਰਮਿਆਨੇ ਉਦਯੋਗ, ਜਿਨ੍ਹਾਂ ਦਾ ਫੰਡ ਅਤੇ ਗੈਰ ਫੰਡ ਬਕਾਇਆ 10 ਕਰੋੜ ਰੁਪਏ ਅਤੇ ਉਸ ਤੋਂ ਜ਼ਿਆਦਾ ਹੋਣ, ਦੇ ਲਈ ਬੈਂਕਿੰਗ ਪ੍ਰਚਾਲਣ ਅਤੇ ਵਿਕਾਸ ਵਿਭਾਗ ਨੇ ਮਿਤੀ 10 ਨਵੰਬਰ 2005 ਦੇ ਸਰਕੂਲਰ ਬੈਂਪਵਿਵਿ.ਨੰ. ਬੀਪੀ.ਬੀਸੀ. 45/21. 04.132/2005-06 ਦੁਆਰਾ ਅਲੱਗ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

## 10. ਸਮੂਹ ਦ੍ਰਿਸ਼ਟੀਕੋਣ

ਲਘੂ ਉਦਯੋਗ ਦੇ ਕੇਂਦਰਿਤ ਵਿਕਾਸ ਹਿਤ ਲਘੂ ਉਦਯੋਗ ਮੰਤਰਾਲਿਆ, ਭਾਰਤ ਸਰਕਾਰ ਨੇ 60 ਸਮੂਹਾਂ ਦੀ ਪਛਾਣ ਕੀਤੀ ਹੈ। ਸਾਰੇ ਰਾਜ ਪੱਧਰੀ ਬੈਂਕਰ ਸਭਾ ਦੇ ਸੰਯੋਜਕ ਬੈਂਕਾਂ ਨੂੰ ਸੂਚਿਤ ਕੀਤੀ ਗਿਆ ਹੈ ਕਿ ਉਹ ਆਪਣੀਆਂ ਸਲਾਨਾ ਕਰਜ ਯੋਜਨਾਵਾਂ ਵਿਚ ਲਘੂ ਉਦਯੋਗ ਮੰਤਰਾਲਿਆ, ਭਾਰਤ ਸਰਕਾਰ ਦੁਆਰਾ ਪਹਿਚਾਣੇ ਗਏ ਸਮੂਹਾਂ ਦੀਆਂ ਕਰਜ ਜ਼ਰੂਰਤਾਂ ਨੂੰ ਦਰਜ ਕਰਨ।

11. ਲਘੂ ਉਦਯੋਗ / ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਕਰਜ ਉਪਲੱਬਧ ਕਰਵਾਉਣ ਦੇ ਲਈ ਸਭਾ

11.1 ਲਘੂ ਉਦਯੋਗ ਖੇਤਰ ਨੂੰ ਸੰਸਥਾਗਤ ਕਰਜ ਦੀ ਬਹੁਮਤਾ ਅਤੇ ਸਬੰਧਤ ਪਹਿਲੂਆਂ ਦੀ ਜਾਂਚ ਹਿਤ ਸਭਾ ਦੀ ਰਿਪੋਟ (ਨਾਯਕ ਸਭਾ)

ਭਾਰਤੀ ਰਿਜ਼ਰਵ ਬੈਂਕ ਦੁਆਰਾ ਤੱਤਕਾਲੀ ਉਪ ਗਵਰਨਰ ਸ਼੍ਰੀ ਪੀ.ਆਰ. ਨਾਇਕ ਦੀ ਪ੍ਰਧਾਨਗੀ ਹੇਠ੍ਹ ਦਸੰਬਰ 1991 ਵਿਚ, ਲਘੂ ਉਦਯੋਗਾਂ ਦੁਆਰਾ ਵਿਤ ਪ੍ਰਾਪਤ ਕਰਨ ਨਾਲ ਸਬੰਧਤ ਮੁੱਦਿਆਂ ਦੀ ਜਾਂਚ ਹਿਤ ਇਕ ਸਭਾ ਗਠਤ ਕੀਤੀ ਗਈ ਸੀ। ਸਭਾ ਨੇ ਆਪਣੀ ਰਿਪੋਟ 1992 ਵਿਚ ਪੇਸ਼ ਕੀਤੀ। ਸਭਾ ਦੀਆਂ ਸਾਰੀਆਂ ਮੁੱਖ ਸਿਫਾਰਸ਼ਾਂ ਸਵੀਕਾਰ ਕਰ ਲਈਆਂ ਗਈਆਂ ਹਨ ਅਤੇ ਬੈਂਕਾਂ ਨੂੰ ਹੋਰ ਗੱਲਾਂ ਦੇ ਨਾਲ-ਨਾਲ ਸੂਚਿਤ ਕੀਤਾ ਗਿਆ ਹੈ ਕਿ ਉਹ --

i) ਲਘੂ ਉਦਯੋਗ ਖੇਤਰ ਦੀਆਂ ਕਰਜ ਜ਼ਰੂਰਤਾਂ ਨੂੰ ਪੂਰਾ ਕਰਦੇ ਸਮੇਂ ਪੇਂਡੂ ਉਦਯੋਗਾਂ, ਬਹੁਤ ਛੋਟੇ ਉਦਯੋਗਾਂ ਅਤੇ ਹੋਰ ਛੋਟੀਆਂ ਇਕਾਈਆਂ ਨੂੰ ਉਸੀ ਕ੍ਰਮ ਵਿਚ ਪਹਿਲ ਦੇਣ।

ii) ਉਨ੍ਹਾਂ ਲਘੂ ਉਦਯੋਗ ਇਕਾਈਆਂ ਨੂੰ ਕਾਰਜਸ਼ੀਲ ਪੂੰਜੀ ਕਰਜ ਸੀਮਾ ਉਨ੍ਹਾਂ ਦੀ ਅਨੁਮਾਨਤ ਸਲਾਨਾ ਟਰਨਓਵਰ ਘੱਟ ਤੋਂ ਘੱਟ 20 % ਦੇ ਅਧਾਰ ਤੇ ਪ੍ਰਦਾਨ ਕਰਨ; ਜਿਨ੍ਹਾਂ ਦੀ ਹਰੇਕ ਇਕਾਈ ਦੀ ਕਰਜ ਸੀਮਾ 2 ਕਰੋੜ ਰੁਪਏ ਤੱਕ (ਹੁਣ 5 ਕਰੋੜ ਰੁਪਏ ਹੋ ਗਈ ਹੈ) ਹੋਵੇ।

iii) ਉਲਟੇ ਅਧਾਰ ਤੇ ਸਲਾਨਾ ਕਰਜ ਬਜਟ ਤਿਆਰ ਕਰੋ ਤਾਂ ਕਿ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਲਘੂ ਉਦਯੋਗ ਖੇਤਰ ਦੀਆਂ ਜਾਇਜ਼ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ।

iv) ਲਘੂ ਉਦਯੋਗਾਂ ਦੀ ਵਿਤੀ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਸਾਰੇ ਜ਼ਿਲ੍ਹਿਆਂ ਨੂੰ ਇਕ ਹੀ ਕਾਊਂਟਰ ਤੇ ਸਾਰੀਆਂ ਸੁਵਿਧਾਵਾਂ ਪ੍ਰਦਾਨ ਕਰਨ ਦੀ ਸਿਡਬੀ ਦੀ ਯੋਜਨਾ ਉਪਲੱਬਧ ਕਰਵਾਈ ਜਾਵੇ।

v) ਇਹ ਨਿਸ਼ਚਿਤ ਕਰੋ ਕਿ ਕਰਜ ਪ੍ਰਵਾਨ ਹੋਣ ਅਤੇ ਉਸਦੇ ਦੇਣ ਵਿਚ ਦੇਰ ਨਹੀਂ ਹੋਣੀ ਚਾਹੀਦੀ। ਕਰਜ ਪ੍ਰਸਤਾਵ ਦੀ ਕਰਜ ਸੀਮਾ ਵਿਚ ਕਮੀ/ ਅਪ੍ਰਵਾਨ ਹੋਣ ਤੇ ਹਵਾਲਾ ਉੱਚ ਅਧਿਕਾਰੀਆਂ ਦੇ ਕੋਲ ਭੇਜਿਆ ਜਾਣਾ ਚਾਹੀਦਾ ਹੈ।

vi) ਕਰਜ ਪ੍ਰਵਾਨਗੀ ਦੇ ਲਈ ਬਦਲੇ ਵਿਚ ਜ਼ਰੂਰੀ ਜਮ੍ਹਾਂ ਰਾਸ਼ੀ ਤੇ "ਕਵਿਡ ਪ੍ਰੋ ਕਯੋ" ਵਾਂਗ ਜ਼ੋਰ ਨਾ ਦਿੱਤਾ ਜਾਵੇ।

vii) ਵਿਸ਼ੇਸ਼ੀਕ੍ਰਿਤ ਲਘੂ ਉਦਯੋਗ ਬੈਂਕ ਸ਼ਾਖਾਵਾਂ ਖੋਲ੍ਹਣ ਜਾਂ ਵੱਡੀ ਸੰਖਿਆ ਵਿਚ ਲਘੂ ਉਦਯੋਗ ਉਧਾਰ ਖਾਤਿਆਂ ਵਾਲੀਆਂ ਸ਼ਾਖਾਵਾਂ ਨੂੰ ਲਘੂ ਉਦਯੋਗ ਵਿਸ਼ੇਸ਼ੀਕ੍ਰਿਤ ਸ਼ਾਖਾਵਾਂ ਵਿਚ ਤਬਦੀਲ ਕਰਨ।

viii) ਬੀਮਾਰ ਲਘੂ ਉਦਯੋਗ ਇਕਾਈਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਵਿਚ ਸੁਧਾਰ ਦੇ ਲਈ ਤੁਰੰਤ ਜ਼ਰੂਰੀ ਕਾਰਵਾਈ ਕਰਨ।

ix) ਲਘੂ ਉਦਯੋਗ ਉਧਾਰਕਰਤਾਵਾਂ ਦੇ ਲਈ ਦਰਜਾ ਕਰਜ ਪ੍ਰਾਥਨਾ ਫਾਰਮ ਤਿਆਰ ਕਰੋ।

x) ਵਿਸ਼ੇਸ਼ੀਕ੍ਰਿਤ ਸ਼ਾਖਾਵਾਂ ਵਿਚ ਕੰਮ ਕਰ ਰਹੇ ਅਮਲੇ ਨੂੰ ਉਨ੍ਹਾਂ ਦੇ ਰਵਈਏ ਵਿਚ ਤਬਦੀਲੀ ਲਿਆਉਣ ਲਈ ਸਿਖਲਾਈ ਦਿੱਤੀ ਜਾਵੇ।

## 11.2 ਲਘੂ ਉਦਯੋਗ ਨੂੰ ਕਰਜ ਤੇ ਉਚ ਪੱਧਰੀ ਸਭਾ ਦੀ ਰਿਪੋਟ (ਕਪੂਰ ਸਭਾ)

ਭਾਰਤੀ ਰਿਜ਼ਰਵ ਬੈਂਕ ਨੇ ਲਘੂ ਉਦਯੋਗ ਖੇਤਰ ਨੂੰ ਕਰਜ ਦੀ ਸਪੁਰਦਗੀ ਪ੍ਰਣਾਲੀ ਸੁਧਾਰਣ ਅਤੇ ਕਾਰਜ-ਵਿਧੀ ਦੇ ਸਰਲੀਕਰਨ ਹਿਤ ਉਪਾਅ ਸੁਝਾਉਣ ਦੇ ਲਈ, ਇਕੱਲਾ ਵਿਅਕਤੀ ਉਚ ਪੱਧਰੀ ਸਭਾ ਨਿਯੁਕਤ ਕੀਤੀ ਸੀ ਜਿਸਦੇ ਪ੍ਰਧਾਨ ਸ਼੍ਰੀ ਐਸ. ਐਲ. ਕਪੂਰ (ਆਈ.ਏ.ਐਸ. ਸੇਵਾਮੁਕਤ), ਭੂਤਕਾਲੀਨ ਡਾਇਰੈਕਟਰ, ਭਾਰਤ ਸਰਕਾਰ, ਉਦਯੋਗ ਮੰਤਰਾਲਿਆ ਸਨ। ਸਭਾ ਨੇ 126 ਸਿਫਾਰਸ਼ਾਂ ਕੀਤੀਆਂ ਜਿਨ੍ਹਾਂ ਵਿਚ ਲਘੂ ਉਦਯੋਗ ਖੇਤਰ ਨੂੰ ਵਿਤੀ ਪ੍ਰਬੰਧ ਨਾਲ ਸਬੰਧਤ ਵਿਆਪਕ ਖੇਤਰ ਸ਼ਾਮਲ ਹਨ। ਭਾਰਤੀ ਰਿਜ਼ਰਵ ਬੈਂਕ ਦੁਆਰ ਇਨ੍ਹਾਂ ਸਿਫਾਰਸ਼ਾਂ ਦੀ ਜਾਂਚ ਕੀਤੀ ਗਈ ਅਤੇ 88 ਸਿਫਾਰਸ਼ਾਂ ਨੂੰ ਸਵੀਕਾਰ ਕਰਨ ਦਾ ਫੈਸਲਾ ਲਿਆ ਗਿਆ ਜਿਸ ਵਿਚ ਹੇਠ ਲਿਖਤ ਮਹੱਤਵਪੂਰਨ ਸਿਫਾਰਸ਼ਾਂ ਸ਼ਾਮਲ ਹਨ :

i) ਤਦ ਅਰਥ ਸੀਮਾਵਾਂ ਪ੍ਰਦਾਨ ਕਰਨ ਹਿਤ ਸ਼ਾਖਾ ਪ੍ਰਬੰਧਕਾਂ ਨੂੰ ਜ਼ਿਆਦਾ ਸ਼ਕਤੀਆਂ ਪ੍ਰਦਾਨ ਕਰਨਾ;

ii) ਪ੍ਰਾਥਨਾ ਫਾਰਮਾਂ ਦਾ ਸਰਲੀਕਰਨ;

iii) ਕਰਜ ਜ਼ਰੂਰਤਾਂ ਦੇ ਮੁਲਾਂਕਣ ਹਿਤ ਬੈਂਕਾਂ ਨੂੰ ਖੁਦ ਦੇ ਮਾਨਦੰਡ ਨਿਰਧਾਰਤ ਕਰਨ ਦੀ ਸੁਤੰਤਰਤਾ;

iv) ਹੋਰ ਜ਼ਿਆਦਾ ਵਿਸ਼ੇਸ਼ੀਕ੍ਰਿਤ ਲਘੂ ਉਦਯੋਗ ਸ਼ਾਖਾਵਾਂ ਖੋਲ੍ਹਣਾ;

v) ਮਿਸ਼ਰਤ ਕਰਜ ਦੀ ਸੀਮਾ ਵਿਚ 5 ਲੱਖ ਰੁਪਏ ਤੱਕ ਦਾ ਵਾਧਾ (ਹੁਣ ਵੱਧ ਕੇ 1 ਕਰੋੜ ਰੁਪਏ)

vi) ਵਸੂਲੀ ਪ੍ਰਣਾਲੀ ਨੂੰ ਮਜਬੂਤ ਕਰਨਾ ;

vii) ਬੈਂਕਾਂ ਦੁਆਰਾ ਪੱਛੜੇ ਰਾਜਾਂ ਦੇ ਪ੍ਰਤੀ ਜ਼ਿਆਦਾ ਧਿਆਨ ਦੇਣਾ;

viii) ਛੋਟੇ ਮੰਤਵਾਂ ਦੇ ਮੁਲਾਂਕਣ ਹਿਤ ਸ਼ਾਖਾ ਪ੍ਰਬੰਧਕਾਂ ਨੂੰ ਸਿਖਲਾਈ ਕਰਨ ਹਿਤ ਵਿਸ਼ੇਸ਼ ਪ੍ਰੋਗਰਾਮ;

ix) ਬੈਂਕਾ ਦੁਆਰਾ ਗਾਹਕ ਸ਼ਿਕਾਇਤ ਪ੍ਰਣਾਲੀ ਨੂੰ ਜ਼ਿਆਦਾ ਪਾਰਦਰਸ਼ੀ ਬਣਾਉਣਾ ਅਤੇ ਸ਼ਿਕਾਇਤਾਂ ਦੇ ਨਿਪਟਾਨ ਅਤੇ ਉਨ੍ਹਾਂ ਦੀ ਨਿਗਰਾਨੀ ਦੀ ਪ੍ਰਕ੍ਰਿਆ ਸਰਲ ਬਣਾਉਣਾ।

## 11.3 ਲਘੂ ਉਦਯੋਗਾਂ ਨੂੰ ਕਰਜ ਉਪਲੱਬਧ ਕਰਾਉਣ ਤੇ ਕਾਰਜਕਾਰੀ ਦਲ ਦੀ ਰਿਪੋਟ (ਗਾਂਗੂਲੀ ਸਭਾ)

ਗਵਰਨਰ, ਭਾਰਤੀ ਰਿਜ਼ਰਵ ਬੈਂਕ ਦੁਆਰਾ ਮੁਦਰਾ ਸਬੰਧੀ ਅਤੇ ਕਰਜ ਨੀਤੀ 2003-04 ਦੀ ਮੱਧਵਰਤੀ ਸਮੀਖਿਆ ਵਿਚ ਕੀਤੀ ਗਈ ਘੋਸ਼ਣਾ ਦੇ ਅਨੁਸਾਰ, ਡਾ. ਏ. ਐਸ. ਗਾਂਗੁਲੀ ਦੀ ਪ੍ਰਧਾਨਗੀ ਹੇਠ੍ਹ ''ਲਘੂ ਉਦਯੋਗ ਖੇਤਰ ਨੂੰ ਕਰਜ ਉਪਲੱਬਧ ਕਰਾਉਣ ਤੇ ਕਾਰਜਕਾਰੀ ਦਲ'' ਦਾ ਗਠਨ ਕੀਤਾ ਗਿਆ।

ਸਭਾ ਨੇ ਲਘੂ ਉਦਯੋਗ ਖੇਤਰ ਦੇ ਵਿਤੀ ਪ੍ਰਬੰਧ ਨਾਲ ਸਬੰਧਤ ਖੇਤਰਾਂ ਨੂੰ ਵਿਆਪਕ ਰੂਪ ਨਾਲ ਕਵਰ ਦਰਦੇ ਹੋਏ 31 ਸਿਫਾਰਸ਼ਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਅਤੇ ਹੋਰ ਬੈਂਕਾਂ ਨਾਲ ਸੰਬੰਧਤ ਸਿਫਾਰਸ਼ਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿਚੋਂ ਹੁਣ ਤੱਕ ਹੇਠ ਲਿਖਤ 8 ਸਿਫਾਰਸ਼ਾਂ ਸਵੀਕਾਰ ਕੀਤੀਆਂ ਗਈਆਂ ਅਤੇ ਬੈਂਕਾਂ ਨੂੰ ਉਨ੍ਹਾਂ ਦੇ ਲਾਗੂ ਕਰਨ ਹਿਤ ਸੂਚਿਤ ਕੀਤਾ ਗਿਆ, ਜੋ ਹੇਠ੍ਹ-ਲਿਖੀਆਂ ਹਨ :-

i) ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਦੇ ਵਿਤੀ ਪ੍ਰਬੰਧ ਦੇ ਲਈ ਸਮੂਹ ਅਧਾਰਿਤ ਦ੍ਰਿਸ਼ਟੀਕੋਣ ਅਪਨਾਉਣਾ;

ii) ਛੋਟੇ ਅਤੇ ਬਹੁਤ ਛੋਟੇ ਲਘੂ ਉਦਯੋਗਾਂ ਅਤੇ ਉਦਯੋਗਪਤੀਆਂ ਨੂੰ ਸੇਵਾ ਦੇਣ ਵਾਲੇ ਮੁੱਖ ਬੈਂਕ, ਬੈਂਕਾਂ ਦੁਆਰਾ ਗੈਰ ਸਰਕਾਰੀ ਸੰਸਥਾਵਾਂ ਦੇ ਸਫਲ ਕਾਰਜ ਮਾਡਲ ਦੇ ਵਿਆਪਕ ਪ੍ਰਚਾਰ ਦੇ ਨਾਲ-ਨਾਲ ਵਿਸ਼ੇਸ਼ ਮੰਤਵਾਂ ਨੂੰ ਪੇਸ਼ ਕਰਨਾ;

iii) ਉਤਰ ਪੂਰਵੀ ਖੇਤਰਾਂ ਵਿਚ ਕਾਰਜ ਕਰ ਰਹੇ ਬੈਂਕਾਂ ਦੁਆਰਾ ਪਹਾੜੀ ਖੇਤਰਾਂ ਦੀਆਂ ਪਰੇਸ਼ਾਨੀਆਂ, ਵਾਰ-ਵਾਰ ਹੜ੍ਹ ਨਾਲ ਢੋ-ਢੁਆਈ ਵਿਚ ਮੁਸ਼ਕਲ ਆਉਣ ਵਰਗੀਆਂ ਕਠਿਨਾਈਆਂ ਦੇ ਕਾਰਣ ਵਣਜੀ ਫੈਸਲੇ ਦੇ ਅਧਾਰ ਤੇ ਉਚੇਰੀ ਕਾਰਜਕਾਰੀ ਪੂੰਜੀ ਸੀਮਾ ਸਵੀਕਾਰ ਕਰਨਾ;

iv) ਬੈਂਕਾਂ ਦੁਆਰਾ ਪੇਂਡੂ ਉਦਯੋਗ ਦੀ ਉਨਤੀ ਅਤੇ ਪੇਂਡੂ ਕਾਰੀਗਰਾਂ, ਪੇਂਡੂ ਉਦਯੋਗਾਂ ਅਤੇ ਪੇਂਡੂ ਉਦਯੋਗਪਤੀਆਂ ਨੂੰ ਕਰਜ ਉਪਲੱਬਧ ਕਰਾਉਣ ਵਿਚ ਸੁਧਾਰ ਦੇ ਲਈ ਨਵੇਂ ਉਪਾਅ ਲੱਭਣਾ;

v) ਵਦੇਸ਼ੀ ਬੈਂਕਾਂ ਦੁਆਰਾ ਪ੍ਰਥਮਤਾ ਪ੍ਰਾਪਤ ਖੇਤਰ ਨੂੰ ਉਧਾਰ ਵਿਚ ਕਮੀ ਦੀ ਰਾਸ਼ੀ ਦੇ ਲਈ ਰੱਖੀ ਗਈ ਜਮ੍ਹਾਂ ਰਾਸ਼ੀਆਂ ਦੀ ਮਿਆਦ ਅਤੇ ਉਨ੍ਹਾਂ ਦੇ ਵਿਆਜ ਦਰ ਢਾਂਚੇ ਵਿਚ ਸੰਸ਼ੋਧਨ।

11.4 ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਕਰਜ ਉਪਲੱਬਧ ਕਰਵਾਉਣ ਤੇ ਦਿਸ਼ਾ ਨਿਰਦੇਸ਼ਾਂ ਦੀ ਸਮੀਖਿਆ ਹਿਤ ਅੰਦਰੂਨੀ ਸਮੂਹ

ਸ਼੍ਰੀ ਸੀ.ਐਸ. ਮੂਰਤੀ, ਇਨਚਾਰਜ ਮੁੱਖ ਮਹਾਂਪ੍ਰਬੰਧਕ, ਪੇਂਡੂ ਅਯੋਜਨਾ ਅਤੇ ਕਰਜ ਵਿਭਾਗ, ਕੇਂਦਰੀ ਦਫ਼ਤਰ, ਭਾਰਤੀ ਰਿਜ਼ਰਵ ਬੈਂਕ ਦੀ ਪ੍ਰਧਾਨਗੀ ਹੇਠ੍ਹ ਇਕ ਅੰਦਰੂਨੀ ਸਮੂਹ ਦਾ ਗਠਨ ਕੀਤਾ ਗਿਆ ਜਿਸ ਵਿਚ ਹੋਰ ਗੱਲਾਂ ਦੇ ਨਾਲ ਨਾਲ ਲਘੂ ਉਦਯੋਗਾਂ ਦੇ ਵਿਤੀ ਪ੍ਰਬੰਧ ਦੇ ਸਬੰਧ ਵਿਚ ਰਿਜ਼ਰਵ ਬੈਂਕ ਦੁਆਰਾ ਜਾਰੀ ਸਰਕੂਲਰ ਅਤੇ ਦਿਸ਼ਾ ਨਿਰਦੇਸ਼ਾਂ ਦੀ ਸਮੀਖਿਆ, ਲਘੂ ਉਦਯੋਗਾਂ / ਦਰਮਿਆਨੇ ਉਦਯੋਗਾਂ ਦੇ ਉਧਾਰ ਖਾਤਿਆਂ ਦੇ ਪੁਨਰਗਠਨ ਹਿਤ ਉਚਿਤ ਸ਼ਰਤਾਂ ਸੁਝਾਉਣ ਅਤੇ ਇਨ੍ਹਾਂ ਮਾਨਦੰਡਾਂ ਵਿਚ ਛੋਟ ਦੇਣ ਅਤੇ ਉਦਾਰੀਕਰਣ ਦੇ ਸੁਝਾਅ ਦਿੱਤੇ ਗਏ। ਸਮੂਹ ਨੇ ਆਪਣੀ ਰਿਪੋਟ 6 ਜੂਨ 2005 ਨੂੰ ਪੇਸ਼ ਕੀਤੀ।

ਅੰਦਰੂਨੀ ਦਲ ਨੇ ਹੇਠ ਲਿਖਤ ਸਿਫਾਰਸ਼ਾਂ ਕੀਤੀਆਂ :

i) ਰਿਜ਼ਰਵ ਬੈਂਕ ਦੇ ਖੇਤਰੀ ਦਫ਼ਤਰਾਂ ਵਿਚ ਅਧਿਕਾਰ ਪ੍ਰਾਪਤ ਸਭਾਵਾਂ ਦਾ ਗਠਨ ਕੀਤਾ ਜਾਵੇ ਤਾਂ ਕਿ ਲਘੂ ਉਦਯੋਗਾਂ ਅਤੇ ਦਰਮਿਆਨੇ ਉਦਯੋਗਾਂ ਦੇ ਵਿਤੀ ਪ੍ਰਬੰਧ ਵਿਚ ਉਨਤੀ ਦੀ ਸਮੇਂ ਸਮੇਂ ਤੇ ਸਮੀਖਿਆ ਕੀਤੀ ਜਾ ਸਕੇ ਅਤੇ ਇਸ ਖੇਤਰ ਨੂੰ ਸੂਚਾਰੂ ਰੂਪ ਨਾਲ ਕਰਜ ਉਪਲੱਬਧ ਕਰਵਾਉਣਾ ਨਿਸ਼ਚਿਤ ਕਰਨ ਦੇ ਲਈ ਕਮੀਆਂ, ਜੇਕਰ ਕੋਈ ਹੋਣ, ਦੂਰ ਕਰਨ ਦੇ ਲਈ ਬੈਂਕਾਂ/ ਵਿਤੀ ਸੰਸਥਾਨਾਂ ਅਤੇ ਰਾਜ ਸਰਕਾਰ ਦੇ ਨਾਲ ਤਾਲਮੇਲ।

ii) ਲਘੂ ਉਦਯੋਗ ਅਤੇ ਦਰਮਿਆਨੇ ਉਦਯੋਗਾਂ ਦੀ ਬਹੁਤਾਤ ਵਾਲੇ ਪਹਿਚਾਣ ਕੀਤੇ ਗਏ ਸਮੂਹਾਂ/ ਕੇਂਦਰਾਂ ਵਿਚ ਵਿਸ਼ੇਸ਼ੀਕ੍ਰਿਤ ਲਘੂ ਅਤੇ ਦਰਮਿਆਨੇ ਉਦਯੋਗ ਸ਼ਾਖਾਵਾਂ ਖੋਲ੍ਹਣਾ ਤਾਂ ਕਿ ਉਦਯੋਗਪਤੀਆਂ ਦੀ ਪਹੁੰਚ ਬੈਂਕ ਕਰਜ ਤਕ ਅਸਾਨੀ ਨਾਲ ਹੋ ਸਕੇ ਅਤੇ ਬੈਂਕ ਦੇ ਸਟਾਫ ਵਿਚ ਜ਼ਰੂਰੀ ਕੁਸ਼ਲਤਾ ਵਿਕਸਿਤ ਕੀਤੀ ਜਾ ਸਕੇ।

iii) ਸਮੂਹ ਦਾ ਪ੍ਰਸਤਾਵ ਹੈ ਕਿ ਬੈਂਕਾਂ ਦੇ ਬੋਰਡਾਂ ਨੂੰ ਅਧਿਕਾਰਯੁਕਤ ਕੀਤਾ ਜਾਵੇ ਤਾਂ ਕਿ ਉਹ ਕੁਝ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਤੇ ਛੋਟੇ ਅਤੇ ਦਰਮਿਆਨੇ ਉਦਯੋਗ ਇਕਾਈਆਂ ਦੇ ਖਾਤਿਆਂ ਦੇ ਪੁਨਰਗਠਨ ਨਾਲ ਸਬੰਧਤ ਨੀਤੀਆਂ ਬਣਾ ਸਕਣ। ਬਹੁਮੁਖੀ ਬੈਂਕਿੰਗ ਵਿਵਸਥਾ ਦੇ ਅੰਤਰਗਤ 10 ਕਰੋੜ ਰੁਪਏ ਜਾਂ ਜ਼ਿਆਦਾ ਰਾਸ਼ੀ ਦੀ ਕਰਜ ਸੀਮਾ ਵਾਲੇ ਲਘੂ ਉਦਯੋਗ / ਦਰਮਿਆਨੇ ਉਦਯੋਗ ਖਾਤਿਆਂ ਦੇ ਪੁਨਰਗਠਨ ਨੂੰ ਸੰਸ਼ੋਧਿਤ ਸੀਡੀਆਰ ਪ੍ਰਣਾਲੀ ਵਿਚ ਕਵਰ ਕੀਤਾ ਜਾਵੇਗਾ।

iv) ਬੀਮਾਰ ਲਘੂ ਉਦਯੋਗ ਇਕਾਈ ਦੀ ਪਰਿਭਾਸ਼ਾ ਦੇ ਵਰਤਮਾਨ ਦਿਸ਼ਾ ਨਿਰਦੇਸ਼ਾਂ ਦੇ ਬਣੇ ਰਹਿਣ ਦੀ ਸਿਫਾਰਿਸ਼ ਕਰਦੇ ਹੋਏ ਦਲ ਨੇ ਸਿਫਾਰਿਸ਼ ਕੀਤੀ

ਕਿ ਰਿਜ਼ਰਵ ਬੈਂਕ ਦੁਆਰਾ ਨਿਰਧਾਰਿਤ ਬੀਮਾਰ ਲਘੂ ਉਦਯੋਗ ਇਕਾਈਆਂ ਨੂੰ ਦਿੱਤੀ ਜਾਣਵਾਲੀ ਰਾਹਤ ਅਤੇ ਛੋਟ ਦੇ ਲਈ ਮਾਨਦੰਡ ਅਤੇ ਅਰਥ ਸਮਰੱਥਾ ਨਾਲ ਸਬੰਧਤ ਹੋਰ ਨਿਰਦੇਸ਼ ਵਾਪਸ ਲੈ ਲਏ ਜਾਣ ਅਤੇ ਬੈਂਕਾਂ ਨੂੰ ਸੁਤੰਤਰਤਾ ਦਿਤੀ ਜਾਵੇ ਕਿ ਉਹ ਆਪਣੇ ਡਾਇਰੈਕਟਰ ਮੰਡਲ ਦੀ ਪ੍ਰਵਾਨਗੀ ਨਾਲ ਆਪਣੇ ਦਿਸ਼ਾ ਨਿਰਦੇਸ਼ ਤਿਆਰ ਕਰਨ।

ਦਲ ਦੀਆਂ ਜ਼ਿਆਦਾਤਰ ਸ਼ਿਫ਼ਾਰਿਸ਼ਾਂ ਭਾਰਤ ਸਰਕਾਰ ਦੁਆਰਾ ਪ੍ਰਵਾਨ ਕਰ ਲਈਆਂ ਗਈਆਂ ਅਤੇ ਉਨ੍ਹਾਂ ਨੂੰ ਲਘੂ ਅਤੇ ਦਰਮਿਆਨੇ ਖੇਤਰ ਨੂੰ ਕਰਜ ਦੇਣ ਦੇ ਲਈ ਕੇਂਦਰੀ ਵਿਤ ਮੰਤਰੀ ਦੁਆਰਾ ਘੋਸ਼ਿਤ ਪਾਲਸੀ ਪੈਕੇਜ ਦੇ ਭਾਗ ਦੇ ਰੂਪ ਵਿਚ ਸ਼ਾਮਲ ਕਰ ਲਿਆ ਗਿਆ ਹੈ।

## 12. ਕੇਂਦਰੀ ਵਿਤ ਮੰਤਰੀ ਦੁਆਰਾ ਘੋਸ਼ਿਤ ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਕਰਜ ਵਿਚ ਵਾਧੇ ਹਿਤ ਪਾਲਸੀ ਪੈਕੇਜ

ਉਪਰੋਕਤ ਪਾਲਸੀ ਘੋਸ਼ਣਾ ਦੇ ਅਧਾਰ ਤੇ, ਅਸੀਂ ਉਕਤ ਪਾਲਸੀ ਤਰੀਕਿਆਂ ਦੇ ਲਾਗੂਕਰਨ ਹਿਤ ਸਰਕਾਰੀ ਖੇਤਰ ਦੇ ਬੈਂਕਾਂ (ਮਿਤੀ 19 ਅਗਸਤ 2005 ਦਾ ਸਰਕੂਲਰ ਪੇਂਡੂ ਆਵਾਸ ਕਰਜਾ ਵਿਭਾਗ. ਪੀਐਲਐਨਐਫਐਸ. ਬੀਸੀ. ਨੰ. 31/06.02.31/2005-06) ਅਤੇ ਨਿਜੀ, ਵਿਦੇਸ਼ੀ ਬੈਂਕਾਂ ਅਤੇ ਖੇਤਰੀ ਪੇਂਡੂ ਬੈਂਕਾਂ (ਮਿਤੀ 25 ਅਗਸਤ 2005 ਦਾ ਸਰਕੂਲਰ ਪੇਂਡੂ ਆਵਾਸ ਕਰਜਾ ਵਿਭਾਗ. ਪੀਐਲਐਨਐਫਐਸ. ਬੀਸੀ. ਨੰ. 31/06.02.31/2005-06) ਭੇਜੇ ਹਨ। ਪਾਲਸੀ ਪੈਕੇਜ ਦੀਆਂ ਕੁਝ ਵਿਸ਼ੇਸ਼ਤਾਵਾਂ ਹੇਠ ਅਨੁਸਾਰ ਹਨ :-

- ਲਘੂ ਅਤੇ ਦਰਮਿਆਨੇ ਉਦਯੋਗਾਂ (ਐਸਐਮਈ) ਦੀ ਪਰਿਭਾਸ਼ਾ
- ਬੈਂਕਾਂ ਦੁਆਰਾ ਲਘੂ ਅਤੇ ਦਰਮਿਆਨੇ ਉਦਯੋਗਾਂ ਦੇ ਵਿਤੀ ਪ੍ਰਬੰਧ ਹਿਤ ਆਪਣੇ ਟੀਚੇ ਨਿਰਧਾਰਿਤ ਕਰਨਾ

- ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਕਰਜ਼ਿਆਂ ਦੀ ਲਾਗਤ ਵਾਜ਼ਬ ਬਣਾਉਣ ਦੇ ਉਪਾਅ
- ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਰਸਮੀ ਕਰਜੇ ਪ੍ਰਦਾਨ ਕਰਨ ਵਿਚ ਵਾਧੇ ਦੇ ਉਪਾਅ
- ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਵਿਤੀ ਪ੍ਰਬੰਧ ਹਿਤ ਸਮੂਹ ਅਧਾਰਿਤ ਦ੍ਰਿਸ਼ਟੀਕੋਣ
- ਰਿਜ਼ਰਵ ਬੈਂਕ ਨੇ ਖੇਤਰੀ ਦਫ਼ਤਰਾਂ ਵਿਚ ਲਘੂ ਅਤੇ ਦਰਮਿਆਨੇ ਉਦਯੋਗਾਂ ਦੇ ਲਈ ਅਧਿਕਾਰ ਪ੍ਰਾਪਤ ਸਭਾਵਾਂ ਦਾ ਗਠਨ
- ਉਦਯੋਗ ਦੀ ਕਰੈਡਿਟ ਰੇਟਿੰਗ ਨਾਲ ਜੋੜ ਕੇ ਕਰਜ ਦੀ ਲਾਗਤ ਦੇ ਨਾਲ ਪਾਰਦਰਸ਼ੀ ਰੇਟਿੰਗ ਪ੍ਰਣਾਲੀ ਅਪਣਾ ਕੇ, ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਦੇ ਲਈ ਕਰਜਿਆਂ ਦੀ ਲਾਗਤ ਵਾਜਿਬ ਬਣਾਉਣ ਦੇ ਉਪਾਅ
- ਸਿਡਬੀ ਦੁਆਰਾ ਵਿਕਸਿਤ ਬੈਂਕਾਂ ਦੀ ਲੈਣ-ਦੇਣ ਲਾਗਤ ਘੱਟ ਕਰਨ ਦੇ ਲਈ ਕਰਜ ਮੁਲਾਂਕਣ ਅਤੇ ਰੇਟਿੰਗ ਸਮੱਗਰੀ (ਸੀਏਆਰਟੀ), ਖਤਰਾ ਮੁਲਾਂਕਣ ਮਾਡਲ (ਆਰਐਮ) ਅਤੇ ਲਘੂ ਅਤੇ ਦਰਮਿਆਨੇ ਉਦਯੋਗ ਪ੍ਰਸਤਾਵਾਂ ਦਾ ਖਤਰਾ ਮੁਲਾਂਕਣ ਦੇ ਲਈ ਵਿਆਪਕ ਰੇਟਿੰਗ ਮਾਡਲ ਦਾ ਲਾਭ ਪ੍ਰਾਪਤ ਕਰਨ ਤੇ ਵਿਚਾਰ ਕੀਤਾ ਜਾਣਾ
- ਰਾਸ਼ਟਰੀ ਲਘੂ ਉਦਯੋਗ ਨਿਗਮ ਦੁਆਰਾ ਲਾਗੂ ਕੀਤੀ ਗਈ ਕਰੈਡਿਟ ਰੇਟਿੰਗ ਯੋਜਨਾ ਦੇ ਅੰਤਰਗਤ ਨਾਮੀ ਕਰੈਡਿਟ (ਕਰਜਾ) ਰੇਟਿੰਗ ਏਜੰਸੀਆਂ ਦੇ ਮਾਧਿਅਮ ਨਾਲ ਬੈਂਕਾਂ ਦੁਆਰਾ ਲਘੂ ਉਦਯੋਗ ਈਕਾਈਆਂ ਦੀ ਰੇਟਿੰਗ ਕਰਾਉਣ ਤੇ ਵਿਚਾਰ ਕੀਤਾ ਜਾਣਾ

- ਬੈਂਕਾਂ ਦੇ ਬੋਰਡਾਂ ਦੁਆਰਾ ਤਿਆਰ ਨੀਤੀ ਨਿਰਦੇਸ਼ ਦਾ ਵਿਆਪਕ ਪ੍ਰਚਾਰ ਅਤੇ ਪਹੁੰਚ ਅਸਾਨ ਬਨਾਉਣਾ ਅਤੇ ਰਿਜ਼ਰਵ ਬੈਂਕ ਦੁਆਰਾ ਜਾਰੀ ਨਿਰਦੇਸ਼ਾਂ / ਨਿਰਦੇਸ਼ਾਂ ਨੂੰ ਸਬੰਧਤ ਬੈਂਕ ਅਤੇ ਸਿਡਬੀ ਦੀ ਵੈਬਸਾਈਟ ਵਿਚ ਪ੍ਰਦਰਸ਼ਿਤ ਕਰਨ ਦੇ ਨਾਲ-ਨਾਲ ਬੈਂਕ ਸ਼ਾਖਾਵਾਂ ਵਿਚ ਪ੍ਰਮੁੱਖ ਸਥਾਨਾਂ ਤੇ ਪ੍ਰਦਰਸ਼ਿਤ ਕਰਨਾ।

ਕੇਂਦਰੀ ਵਿਤ ਮੰਤਰੀ ਦੁਆਰਾ 10 ਅਗਸਤ 2005 ਨੂੰ ਸੰਸਦ ਵਿਚ ਘੋਸ਼ਿਤ ''ਲਘੂ ਅਤੇ ਦਰਮਿਆਨੇ ਉਦਯੋਗ ਖੇਤਰ ਨੂੰ ਕਰਜ ਵਿਚ ਵਾਧੇ ਦੇ ਲਈ ਪਾਲਸੀ ਪੈਕੇਜ'' ਦੀ ਨਕਲ ਅਨੁਲੱਗ IV ਵਿਚ ਪੇਸ਼ ਹੈ।

## 13. ਮਾਈਕਰੋ, ਲਘੂ ਅਤੇ ਦਰਮਿਆਨੇ ਉਦਯੋਗ ਵਿਕਾਸ ਅਧਿਨਿਯਮ- 2006

ਭਾਰਤ ਸਰਕਾਰ ਨੇ ਮਿਤੀ 16 ਜੂਨ 2006 ਨੂੰ ਮਾਈਕਰੋ, ਲਘੂ ਅਤੇ ਦਰਮਿਆਨੇ ਉਦਯੋਗ ਵਿਕਾਸ (ਐਮਐਸਐਮਈਡੀ) ਅਧਿਨਿਯਮ, 2006 ਬਣਾਇਆ ਹੈ ਜਿਸ ਨੂੰ 2 ਅਕਤੂਬਰ 2006 ਨੂੰ ਅਧਿਸੂਚਿਤ ਕੀਤਾ ਗਿਆ। ਮਾਈਕਰੋ, ਲਘੂ ਅਤੇ ਉਦਯੋਗ ਵਿਕਾਸ (ਐਮਐਸਐਮਈਡੀ) ਅਧਿਨਿਯਮ, 2006 ਦੀ ਅਧਿਸੂਚਨਾ ਦੇ ਅਨੁਸਾਰ ਨਿਰਮਾਣ ਜਾਂ ਉਤਪਾਦਨ ਅਤੇ ਸੇਵਾਵਾਂ ਉਪਲੱਬਧ ਜਾਂ ਪ੍ਰਦਾਨ ਕਰਨ ਵਿਚ ਕਾਰਜ ਕਰ ਰਹੇ ਮਾਈਕਰੋ, ਲਘੂ ਅਤੇ ਦਰਮਿਆਨੇ ਉਦਯੋਗ ਦੀ ਪਰਿਭਾਸ਼ਾ ਸੰਸ਼ੋਧਿਤ ਕੀਤੀ ਗਈ ਹੈ ਅਤੇ ਮਿਤੀ 4 ਅਪ੍ਰੈਲ 2007 ਦੇ ਸਰਕੂਲਰ ਪੇਂਡੂ ਆਵਾਸ ਕਰਜਾ ਵਿਭਾਗ. ਪੀਐਲਐਨਐਫਐਸ.ਬੀਸੀ. ਨੰ. 63/06.02.31/2006-07 ਦੇ ਅਨੁਸਾਰ ਬੈਂਕਾਂ ਦੁਆਰਾ ਹੋਰ ਨੀਤੀਗਤ ਉਪਾਵਾਂ ਦੇ ਨਾਲ-ਨਾਲ ਇਸ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕਰਨਾ ਜ਼ਰੂਰੀ ਹੈ।

*ਅਨੁਲੱਗ -I*

# ਲਘੂ ਉਦਯੋਗ ਮੰਤਰਾਲਿਆ

## ਅਧਿਸੂਚਨਾ

## ਨਵੀਂ ਦਿੱਲੀ, 5 ਅਕਤੂਬਰ, 2006

ਐਸ.ਓ. 1722 (ਈ)- ਕੇਂਦਰੀ ਸਰਕਾਰ, ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ ਵਿਕਾਸ ਅਧਿਨਿਯਮ, 2006 (2006 ਦਾ 27), ਜਿਸ ਨੂੰ ਇਸ ਵਿਚ ਉਕਤ ਅਧਿਨਿਯਮ ਕਿਹਾ ਗਿਆ ਹੈ, ਦੀ ਧਾਰਾ 7 ਦੀ ਉਪਧਾਰਾ (1) ਦੇ ਅਧੀਨ ਦਿੱਤਾ ਹੋਇਆ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਹੇਠ ਲਿਖਤ ਮੱਦਾਂ ਨੂੰ ਨਿਰਮਾਣ ਕਰਦਾ ਹੈ ਜਿਨ੍ਹਾਂ ਦਾ ਲਾਗਤ ਉਕਤ ਅਧਿਨਿਯਮ ਦੇ ਖੰਡ 7 (1) ਵਿਚ ਵਰਣਤ ਉਦਯੋਗਾਂ ਦੀ ਦਸ਼ਾ ਵਿਚ ਯੰਤਰ ਅਤੇ ਮਸ਼ੀਨਰੀ ਵਿਚ ਨਿਵੇਸ਼ ਦੀ ਗਣਨਾ ਕਰਦੇ ਸਮੇਂ ਛੱਡ ਕੇ ਕੀਤਾ ਜਾਵੇਗਾ।

(i) ਯੰਤਰ ਜਿਵੇਂ ਔਜ਼ਾਰ, ਜਿਗਸ, ਡਾਈਆਂ, ਮੋਲਡਸ ਅਤੇ ਰੱਖ-ਰੱਖਾਵ ਦੇ ਫਾਲਤੂ ਪੁਰਜੇ ਅਤੇ ਸਹਾਇਕ ਸਮਾਨ ਦੀ ਲਾਗਤ;

(ii) ਯੰਤਰ ਅਤੇ ਮਸ਼ੀਨਰੀ ਪ੍ਰਤਿਸਥਾਪਨ;

(iii) ਖੋਜ ਅਤੇ ਵਿਕਾਸ ਯੰਤਰ ਅਤੇ ਪ੍ਰਦੂਸ਼ਣ ਨਿਯੰਤਰਣ ਯੰਤਰ;

(iv) ਰਾਜ ਬਿਜਲੀ ਬੋਰਡ ਦੇ ਵਿਨਿਯਮ ਦੇ ਅਨੁਸਾਰ ਉਦਯੋਗਾਂ ਦੁਆਰਾ ਪ੍ਰਤਿਸ਼ਠਾ ਬਿਜਲੀ ਉਤਪਾਦਨ ਸੈਟ ਅਤੇ ਹੋਰ ਟ੍ਰਾਂਸਫਾਰਮਰ;

v) ਰਾਸ਼ਟਰੀ ਲਘੂ ਉਦਯੋਗ ਨਿਗਮ ਜਾਂ ਰਾਜ ਲਘੂ ਉਦਯੋਗ ਨਿਗਮ ਨੂੰ ਅਦਾ ਕੀਤਾ ਬੈਂਕ ਚਾਰਜ ਅਤੇ ਸੇਵਾ ਚਾਰਜ;

vi) ਕੇਬਲਾਂ ਦੀ ਪ੍ਰਤਿਸ਼ਠਾ ਜਾਂ ਉਪਾਪਨ, ਤਾਰਾਂ, ਬੱਸ ਬਾਰਾਂ, ਬਿਜਲੀ ਨਿਯੰਤਰਣ ਪੈਨਲ (ਜੋ ਕਿਸੀ ਮਸ਼ੀਨ ਤੇ ਚੜ੍ਹੀ ਨਾ ਹੋਵੇ) ਆਇਲ ਸਰਕਟ ਬਰੇਕਰਜ਼ ਜੋ ਯੰਤਰ ਅਤੇ ਮਸ਼ੀਨਰੀ ਨੂੰ ਬਿਜਲੀ ਸ਼ਕਤੀ ਦੇਣ ਦੇ ਲਈ ਸੁਰੱਖਿਆਤਮਕ ਉਪਾਅ ਦੇ ਲਈ ਜ਼ਰੂਰੀ ਰੂਪ ਨਾਲ ਪ੍ਰਯੋਗ ਕੀਤਾ ਜਾਣਾ ਹੈ;

vii) ਗੈਸ ਉਤਪਾਦਨ ਯੰਤਰ;

viii) ਢੋ ਢੁਆਈ ਚਾਰਜ (ਵਿਕਰੀ ਕਰ ਜਾ ਮੁੱਲ ਵਰਧਿਤ ਕਰ ਅਤੇ ਉਤਪਾਦਨ ਕਰ ਨੂੰ ਛੱਡ ਕੇ ਕਰਦੇ ਹੋਏ) ਸਵਦੇਸ਼ੀ ਮਸ਼ੀਨ ਦੇ ਲਈ ਉਨ੍ਹਾਂ ਦੇ ਉਤਪਾਦਨ ਦੇ ਸਥਾਨ ਤੋਂ ਉਦਯੋਗ ਦੇ ਸਥਾਨ ਤਕ;

(ix) ਯੰਤਰ ਅਤੇ ਮਸ਼ੀਨਰੀ ਦੇ ਨਿਰਮਾਣ ਕਰਨ ਵਿਚ ਤਕਨੀਕੀ ਗਿਆਨ ਦੇ ਲਈ ਦਿੱਤਾ ਹੋਇਆ ਚਾਰਜ;

(x) ਅਜਿਹੀ ਭੰਡਾਰਣ ਟੈਂਕੀ ਜੋ ਕੱਚਾ ਮਾਲ ਅਤੇ ਤਿਆਰ ਉਤਪਾਦ ਦਾ ਭੰਡਾਰਣ ਕਰਦੇ ਹੋਣ ਅਤੇ ਜੋ ਉਤਪਾਦਨ ਪ੍ਰਕ੍ਰਿਆ ਨਾਲ ਸਬੰਧਤ ਨਾ ਹੋਣ, ਅਤੇ

(xi) ਅੱਗ ਬੁਝਾਉਣ ਵਾਲੇ ਛੋਟੇ ਯੰਤਰ।

2. ਪੈਰ੍ਹਾਂ 1 ਦੇ ਅਨੁਸਾਰ ਯੰਤਰ ਅਤੇ ਮਸ਼ੀਨਰੀ ਵਿਚ ਨਿਵੇਸ਼ ਦੀ ਗਣਨਾ ਕਰਦੇ ਸਮੇਂ ਉਸਦੇ ਅਸਲੀ ਮੁੱਲ ਨੂੰ ਇਸ ਗੱਲ ਤੇ ਧਿਆਨ ਦਿੱਤੇ ਬਿਨਾਂ ਕਿ ਮਸ਼ੀਨਰੀ ਨਵੀਂ ਹੈ ਜਾਂ ਪੁਰਾਣੀ, ਗਣਨਾ ਵਿਚ ਲਿਆ ਜਾਵੇਗਾ ਪ੍ਰੰਤੂ ਜਦੋਂ ਕਿ ਮਸ਼ੀਨਰੀ ਅਯਾਤ ਕੀਤੀ ਹੈ ਤਾਂ ਹੇਠ ਲਿਖਤ ਨੂੰ, ਮੁੱਲ ਦੀ ਗਣਨਾ ਕਰਦੇ ਸਮੇਂ ਸ਼ਾਮਲ ਕੀਤਾ ਜਾਵੇਗਾ, ਅਰਥਾਤ

(i) ਅਯਾਤ ਕਰ (ਵਿਭਿੰਨ ਖਰਚਿਆਂ ਜਿਵੇਂ ਬੰਦਰਗਾਹ ਤੋਂ ਕਾਰਖਾਨੇ ਦੀ ਥਾਂ ਤੱਕ ਦਾ ਢੋ ਢੁਆਈਂ ਖਰਚ, ਬੰਦਰਗਾਹ ਤੇ ਅਦਾ ਕੀਤਾ ਡੇਮਰੇਜ ਚਾਰਜ, ਨੂੰ ਅਪਰਜਿਤ ਕਰਦੇ ਹੋਏ)

(ii) ਜਲ ਢੋ ਢੁਆਈ ਖਰਚੇ

(iii) ਸੀਮਾ ਕਰ ਨਿਕਾਸੀ ਚਾਰਜ; ਅਤੇ

(iv) ਵਿਕਰੀ ਕਰ ਜਾਂ ਮੁੱਲ ਵਰਧਿਤ ਕਰ।

(ਐਫ. ਨੰ. 4 (1) 2006-ਐਮਐਸਐਮਈ- ਨੀਤੀ)

ਜਵਾਹਰ ਸਰਕਾਰ, ਵਧੀਕ ਸਕੱਤਰ

*ਅਨੁਲੱਗ II*

## ਮੌਜੂਦਾ ਸਿਡਬੀ ਸ਼ਾਖਾਵਾਂ ਹੇਠ੍ਹ ਐਸਐਮਈ ਸਮੂਹਾਂ ਦੀ ਸੂਚੀ

| ਲੜੀ ਨੰ. | ਸ਼ਾਖਾ ਦਫ਼ਤਰ | ਐਸਐਸਆਈ ਸੰਘਾਂ ਦਾ ਨੰ. | ਉਤਪਾਦ |
|---|---|---|---|
| 1. | ਹੈਦਰਾਬਾਦ | 5 | ਛੱਤ ਦੇ ਪੱਖੇ, ਬਿਜਲੀ ਦਾ ਸਮਾਨ ਫਾਰਮਾਸੀਟੀਕਲਜ਼ - ਦਵਾਈਆਂ, ਹੱਥੇ ਨਕਲੇ ਸੈਟ ਅਤੇ ਢਲਾਈ ਦੇ ਕੰਮ ਵਾਲਾ ਕਾਰਖਾਨਾ |
| 2. | ਪਟਨਾ | 1 | ਪਿੱਤਲ ਅਤੇ ਜਰਮਨ ਭਾਂਡੇ |
| 3. | ਦਿੱਲੀ | 19 | ਸਟੇਨਲੈਸ ਸਟੀਲ ਦੇ ਭਾਂਡੇ ਅਤੇ ਕਟਲਰੀ, ਕੈਮੀਕਲਜ਼, ਬਿਜਲੀ ਇੰਜੀਨੀਅਰਿੰਗ ਔਜ਼ਾਰ, ਬਿਜਲੀ ਦਾ ਸਮਾਨ, ਭੋਜਨ ਉਤਪਾਦ, ਚਮੜੇ ਦੀ ਉਪਜ, ਮਕੈਨੀਕਲ ਇੰਜੀਨੀਅਰਿੰਗ ਔਜ਼ਾਰ, ਪੈਕੇਜਿੰਗ ਸਮਾਨ, ਪੇਪਰ ਪੈਦਾਵਾਰ, ਪਲਾਸਟਿਕ ਪੈਦਾਵਾਰ, ਡਰਾਇੰਗ ਤਾਰ, ਧਾਤ ਫੈਬਰੀਕੇਸ਼ਨ, ਫਰਨੀਚਰ, ਇਲੈਕਟਰੋ ਪਲੇਟਿੰਗ, ਆਟੋ ਅੰਗ, ਹੌਜ਼ਰੀ, ਰੈਡੀਮੇਟ ਗਾਰਮੈਂਟਸ, ਸੈਨਟਰੀ ਫੀਟਿੰਗਜ਼ |
| 4. | ਅਹਿਮਦਾਬਾਦ | 17 | ਫਾਰਮਾਸੀਟੀਕਲਜ਼, ਡਾਈਜ਼ ਅਤੇ ਵਿਚਕਾਰਲਾ, ਮੋਲਡਿਡ ਪਲਾਸਕਿਟਕ ਉਤਪਾਦ, ਰੈਡੀਮੇਡ ਗਾਰਮੈਂਟਸ, ਟੈਕਸਟਾਈਲ ਮਸ਼ੀਨਰੀ ਹਿੱਸੇ, ਹੀਰੇ ਪ੍ਰਕ੍ਰਿਆ, ਮਸ਼ੀਨ ਔਜ਼ਾਰ, ਕਾਸਟਿੰਗ ਅਤੇ ਫੋਰਗਿੰਗ, |

| | | | |
|---|---|---|---|
| | | | ਸਟੀਲ ਭਾਂਢੇ, ਲੱਕੜੀ ਉਤਪਾਦ ਅਤੇ ਫਰਨੀਚਰ, ਪੇਪਰ ਉਤਪਾਦ, ਚਮੜੇ ਦੇ ਜੁੱਤੇ, ਕੱਪੜੇ ਧੌਣ ਦਾ ਪਾਊਡਰ ਅਤੇ ਸਾਬਣ, ਪੱਥਰ ਸਲੈਬਜ਼, ਪਾਵਰ ਡਾਈਵਨ ਪੰਪ, ਬਿਜਲੀ ਦਾ ਸਮਾਨ, ਆਟੋ ਹਿੱਸੇ |
| 5. | ਸੂਰਤ | 4 | ਹੀਰੇ ਪ੍ਰਕ੍ਰਿਆ, ਪਾਵਰਲੂਮ, ਲੱਕੜੀ ਉਤਪਾਦ ਅਤੇ ਫਰਨੀਚਰ, ਟੈਕਸਟਾਈਲ ਮਸ਼ੀਨਰੀ |
| 6. | ਬੜੌਦਾ | 3 | ਫਾਰਮਾਸੀਟੀਕਲਜ਼ - ਦਵਾਈਆਂ, ਪਲਾਸਟਿਕ ਪ੍ਰਕ੍ਰਿਆ ਅਤੇ ਲੱਕੜੀ ਉਤਪਾਦ ਅਤੇ ਫਰਨੀਚਰ |
| 7. | ਗੋਆ | 1 | ਫਾਰਮਾਸੀਟੀਕਲ |
| 8. | ਫਰੀਦਾਬਾਦ | 3 | ਆਟੋ ਭਾਗ, ਇੰਜੀਨੀਅਰਿੰਗ ਸੰਘ, ਪੱਥਰ ਤੋੜਨਾ, |
| 9. | ਗੁੜਗਾਓਂ | 5 | ਆਟੋ ਭਾਗ, ਬਿਜਲੀ ਸਮਾਨ, ਇਲੈਕਟ੍ਰੀਕਲ ਇੰਜੀਨੀਅਰਿੰਗ ਔਜ਼ਾਰ, ਰੈਡੀਮੇਟ ਗਾਰਮੈਂਟਸ, ਮਕੈਨੀਕਲ ਇੰਜੀਨੀਅਰਿੰਗ ਔਜ਼ਾਰ |
| 10. | ਪ੍ਰਵਾਨੂ (ਬੱਢੀ) | 1 | ਇੰਜੀਨੀਅਰਿੰਗ ਔਜ਼ਾਰ |
| 11. | ਜੰਮੂ | 3 | ਸਟੀਲ ਰੀ-ਰੋਲਿੰਗ, ਤੇਲ ਮਿਲਜ਼, ਚੌਲ ਮਿੱਲ |
| 12. | ਜਮਸ਼ੇਦਪੁਰ | 1 | ਇੰਜੀਨੀਅਰਿੰਗ ਐਂਡ ਫੈਬਰੀਕੇਸ਼ਨ |
| 13. | ਬੈਂਗਲੌਰ | 6 | ਪਾਵਰਲੂਮ, ਬਿਜਲੀ ਦਾ ਸਮਾਨ, ਰੈਡੀਮੇਡ ਗਾਰਮੈਂਟਸ, ਲਾਈਟ ਇੰਜੀਨੀਅਰਿੰਗ, ਚਮੜਾ ਉਤਪਾਦ |
| 14. | ਕੋਚੀ/ਇਰਨਾਕੁਲਮ | 3 | ਰਬੜ ਉਤਪਾਦ, ਪਾਰਲੂਮ ਅਤੇ ਸਮੁੰਦਰੀ |

| | | | |
|---|---|---|---|
| | | | ਭੋਜਨ ਪ੍ਰਕ੍ਰਿਆ |
| 15. | ਔਰੰਗਾਬਾਦ | 2 | ਆਟੋ ਭਾਗ ਅਤੇ ਫਾਰਮਾਸੀਟੀਕਲਜ਼ - ਦਵਾਈਆਂ |
| 16. | ਮੁੰਬਈ | 11 | ਬਿਜਲੀ ਸਮਾਨ, ਫਾਰਮਾਸੀਟੀਕਲ- ਮੁੱਢਲੀਆਂ ਦਵਾਈਆਂ, ਖਿਡੌਣੇ (ਪਲਾਸਟਿਕ), ਰੈਡੀਮੇਡ ਗਾਰਮੈਂਟਸ, ਹੌਜ਼ਰੀ, ਮਸ਼ੀਨ ਔਜ਼ਾਰ, ਇੰਜੀਨੀਅਰਿੰਗ ਔਜ਼ਾਰ, ਕੈਮੀਕਲਜ਼, ਪੈਕੇਜਿੰਗ ਸਮਾਨ, ਹੱਥ ਔਜ਼ਾਰ, ਪਲਾਸਟਿਕ ਉਤਪਾਦ |
| 17. | ਨਾਗਪੁਰ | 6 | ਪਾਵਰਲੂਮ, ਇੰਜੀਨੀਅਰਿੰਗ ਐਂਡ ਫੈਬਰੀਕੇਸ਼ਨ, ਸਟੀਲ ਫਰਨੀਚਰ, ਰੈਡੀਮੇਟ ਗਾਰਮੈਂਟਸ, ਹੱਥ ਔਜ਼ਾਰ, ਭੋਜਨ ਪ੍ਰਕ੍ਰਿਆ |
| 18. | ਪੂਨੇ | 6 | ਆਟੋ ਹਿੱਸੇ, ਬਿਜਲੀ ਦਾ ਸਮਾਨ, ਭੋਜਨ ਉਤਪਾਦ, ਰੈਡੀਮੇਡ ਗਾਰਮੈਂਟਸ, ਫਾਰਮਾਸੀਟੀਕਲ- ਦਵਾਈਆਂ, ਫਾਈਬਰ ਸ਼ੀਸ਼ਾ |
| 19. | ਥਾਨੇ | 2 | ਫਾਰਮਾਸੀਟੀਕਲ- ਦਵਾਈਆਂ ਅਤੇ ਸਮੁੰਦਰੀ ਭੋਜਨ |
| 20. | ਭੋਪਾਲ | 1 | ਇੰਜੀਨੀਅਰਿੰਗ ਔਜ਼ਾਰ |
| 21. | ਇੰਦੌਰ | 4 | ਫਾਰਮਾਸੀਟੀਕਲ- ਦਵਾਈਆਂ, ਰੈਡੀਮੇਡ ਗਾਰਮੈਂਟਸ, ਭੋਜਨ ਪ੍ਰਕ੍ਰਿਆ, ਆਟੋ ਹਿੱਸੇ |
| 22. | ਲੁਧਿਆਣਾ | 9 | ਆਟੋ ਹਿੱਸੇ, ਸਾਈਕਲ ਹਿੱਸੇ, ਹੌਜ਼ਰੀ, ਸਲਾਈ ਐਮ/ਸੀ ਹਿੱਸੇ, ਉਦਯੋਗਿਕ ਫਾਸਟਨਰਜ਼, ਹੱਥ ਔਜ਼ਾਰ, ਮਸ਼ੀਨ ਔਜ਼ਾਰ, |

| | | | |
|---|---|---|---|
| | | | ਫੋਰਗਿੰਗ, ਇਲੈਕ੍ਰਟੋਪਲੇਟਿੰਗ |
| 23. | ਜੈਪੁਰ | 7 | ਜੈਮਜ਼ ਅਤੇ ਸੁਨਿਆਰ, ਬਾਲ ਬੀਅਰਿੰਗ, ਬਿਜਲੀ ਇੰਜੀਨੀਅਰਿੰਗ ਔਜ਼ਾਰ, ਭੋਜਨ ਉਤਪਾਦ, ਗਾਰਮੈਂਟਸ, ਲਾਈਮ, ਮਕੈਨੀਕਲ ਇੰਜੀਨੀਅਰਿੰਗ ਔਜ਼ਾਰ |
| 24. | ਚੇਨੰਈ | 3 | ਆਟੋ ਹਿੱਸੇ, ਚਮੜਾ ਉਤਪਾਦ, ਇਲੈਕ੍ਰਟੋਪਲੇਟਿੰਗ |
| 25. | ਕੋਇਮਬਤੂਰ | 6 | ਡੀਜਲ ਇੰਜਣ, ਖੇਤੀਬਾੜੀ ਸੁਧਾਰ, ਮਸ਼ੀਨ ਔਜ਼ਾਰ, ਕਾਸਟਿੰਗ ਐਂਡ ਫੋਰਗਿੰਗ, ਪਾਵਰਲੂਮ, ਵੈਟ ਪਿਸਾਈ ਮਸ਼ੀਨਜ਼ |
| 26. | ਤ੍ਰਿਊਪੁਰ | 1 | ਹੌਜ਼ਰੀ |
| 27. | ਨੋਇਡਾ/ਗਾਜੀਆਬਾਦ | 10 | ਬਿਜਲੀ ਸਮਾਨ, ਖਿਡੌਣੇ, ਕੈਮੀਕਲਜ਼, ਬਿਜਲੀ ਇੰਜੀਨੀਅਰਿੰਗ ਔਜ਼ਾਰ, ਪੈਕੇਜਿੰਗ ਸਮਾਨ, ਪਲਸਟਿਕ ਉਤਪਾਦ, ਕੈਮੀਕਲਜ਼ |
| 28. | ਕਾਨਪੁਰ | 3 | ਸੁੱਤੀ ਹੌਜ਼ਰੀ, ਚਮੜਾ ਉਤਪਾਦ |
| 29. | ਵਾਰਾਨਸੀ | 4 | ਕਾਠੀ, ਸ਼ੀਟਵਰਕ (ਗਲੋਬ ਲੈਂਪ), ਪਾਵਰਲੂਮ, ਖੇਤੀਬਾੜੀ ਔਜ਼ਾਰ, ਬਿਜਲੀ ਪੱਖੇ |
| 30. | ਦੇਹਰਾਦੂਨ | 1 | ਸੂਖਮ ਵੈਕਿਊਮ ਬਲਬ |
| 31. | ਨਾਸਿਕ (ਛੇਤੀ ਹੀ ਖੁੱਲ੍ਹ ਰਿਹਾ ਹੈ) | 1 | ਸਟੀਲ ਫਰਨੀਚਰ |
| ਕੁੱਲ | | 149 | |

ਅਨੁਲੱਗ III

| ਭਾਰਤ ਦੇ ਐਸਐਮਈ ਸੰਘਾਂ ਦੀ ਸੂਚੀ (ਯੂਐਨਆਈਡੀਓ) ਵੱਲੋਂ ਤਸਦੀਕ) | | | | |
|---|---|---|---|---|
| ਲੜੀ ਨੰ. | ਰਾਜ | ਜ਼ਿਲ੍ਹਾ | ਸਥਿਤੀ | ਉਤਪਾਦ |
| 1. | ਆਂਧਰਾ ਪ੍ਰਦੇਸ਼ | ਅਨੰਤਪੁਰ | ਰਾਏਦੁਰਗ | ਰੈਡੀਮੇਡ ਗਾਰਮੈਂਟ |
| 2. | ਆਂਧਰਾ ਪ੍ਰਦੇਸ਼ | ਅਨੰਤਪੁਰ | ਚਿਤਰਦੁਰਗ | ਜੀਨਸ ਗਾਰਮੈਂਟ |
| 3. | ਆਂਧਰਾ ਪ੍ਰਦੇਸ਼ | ਚਤੂਰ | ਨਗਰੀ | ਪਾਵਰਲੂਮ |
| 4. | ਆਂਧਰਾ ਪ੍ਰਦੇਸ਼ | ਚਤੂਰ | ਵੈਂਟੀਮਾਲਟਾ, ਸ੍ਰੀਕਲਾਹਸਤੀ, ਚੁੰਦੂਰ | ਪਿੱਤਲ ਦੇ ਭਾਂਡੇ |
| 5. | ਆਂਧਰਾ ਪ੍ਰਦੇਸ਼ | ਈਸਟ ਗੋਦਾਵਰੀ | ਈਸਟ ਗੋਦਾਵਰੀ | ਚੌਲ ਮਿੱਲ |
| 6. | ਆਂਧਰਾ ਪ੍ਰਦੇਸ਼ | ਈਸਟ ਗੋਦਾਵਰੀ | ਰਾਜਮੰਦਰੀ | ਗ੍ਰੇਫਾਈਟ ਕ੍ਰਿਊਸੀਬਲ |
| 7. | ਆਂਧਰਾ ਪ੍ਰਦੇਸ਼ | ਈਸਟ ਗੋਦਾਵਰੀ | ਈਸਟ ਗੋਦਾਵਰੀ | ਕੋਇਰ ਐਂਡ ਕੋਇਰ ਉਤਪਾਦ |
| 8. | ਆਂਧਰਾ ਪ੍ਰਦੇਸ਼ | ਈਸਟ ਗੋਦਾਵਰੀ | ਰਾਜਮੰਦਰੀ | ਐਲਮੀਨੀਅਮ ਦੇ ਭਾਂਡੇ |
| 9. | ਆਂਧਰਾ ਪ੍ਰਦੇਸ਼ | ਈਸਟ ਗੋਦਾਵਰੀ ਅਤੇ ਵੈਸਟ | ਈਸਟ ਗੋਦਾਵਰੀ (ਈਜੀ) ਅਤੇ | ਹਠੀ ਉਤਪਾਦ |

| | | | | |
|---|---|---|---|---|
| | | ਗੋਦਾਵਰੀ | ਵੈਸਟ ਗੋਦਾਵਰੀ | |
| 10. | ਆਂਧਰਾ ਪ੍ਰਦੇਸ਼ | ਗੁੰਟੂਰ | ਗੁੰਟੂਰ | ਪਾਵਰਲੂਮ |
| 11. | ਆਂਧਰਾ ਪ੍ਰਦੇਸ਼ | ਗੁੰਟੂਰ | ਗੁੰਟੂਰ | ਲਾਈਮ ਕਾਲਸੀਨੇਸ਼ਨ |
| 12. | ਆਂਧਰਾ ਪ੍ਰਦੇਸ਼ | ਗੁੰਟੂਰ | ਮਚੇਰਲਾ | ਲੱਕੜੀ ਫਰਨੀਚਰ |
| 13. | ਆਂਧਰਾ ਪ੍ਰਦੇਸ਼ | ਹੈਦਰਾਬਾਦ | ਹੈਦਰਾਬਾਦ | ਛੱਤ ਦਾ ਪੱਖਾ |
| 14. | ਆਂਧਰਾ ਪ੍ਰਦੇਸ਼ | ਹੈਦਰਾਬਾਦ | ਹੈਦਰਾਬਾਦ | ਬਿਜਲੀ ਸਮਾਨ |
| 15. | ਆਂਧਰਾ ਪ੍ਰਦੇਸ਼ | ਹੈਦਰਾਬਾਦ | ਹੈਦਰਾਬਾਦ | ਫਾਰਮਾਸਿਟੀਕਲਜ਼- ਬੁਲਕ ਦਵਾਈਆਂ |
| 16. | ਆਂਧਰਾ ਪ੍ਰਦੇਸ਼ | ਹੈਦਰਾਬਾਦ | ਮੁਸ਼ੀਰਾਬਾਦ | ਚਮੜਾ ਰੰਗਾਈ |
| 17. | ਆਂਧਰਾ ਪ੍ਰਦੇਸ਼ | ਹੈਦਰਾਬਾਦ | ਹੈਦਰਾਬਾਦ | ਹੱਥ ਨਕਲੇ ਸੈਟ |
| 18. | ਆਂਧਰਾ ਪ੍ਰਦੇਸ਼ | ਹੈਦਰਾਬਾਦ | ਹੈਦਰਾਬਾਦ | ਢਲਾਈ ਦੇ ਕੰਮ ਵਾਲਾ ਕਾਰਖਾਨਾ |
| 19. | ਆਂਧਰਾ ਪ੍ਰਦੇਸ਼ | ਕਰੀਮਨਗਰ | ਸਿਰਸੀਲਾ | ਪਾਵਰਲੂਮ |
| 20. | ਆਂਧਰਾ ਪ੍ਰਦੇਸ਼ | ਕ੍ਰਿਸ਼ਨਾ | ਮਛੀਲੀਪਟਨਮ | ਸੋਨੇ ਦੀ ਧਾਤ ਅਤੇ ਨਕਲੀ ਗਹਿਣੇ |
| 21. | ਆਂਧਰਾ | ਕ੍ਰਿਸ਼ਨਾ | ਵਿਜਯਵਾੜਾ | ਚੌਲ ਮਿੱਲ |

| | | | | |
|---|---|---|---|---|
| | ਪ੍ਰਦੇਸ਼ | | | |
| 22. | ਆਂਧਰਾ ਪ੍ਰਦੇਸ਼ | ਕ੍ਰਿਸ਼ਨਾ | ਚੁੰਦੁਰ, ਕਾਵਦੀਗੁਦਾ, ਚਾਰਮਿਨਾਰ, ਵਿਜਯਵਾੜਾ | ਸਟੀਲ ਫਰਨੀਚਰ |
| 23. | ਆਂਧਰਾ ਪ੍ਰਦੇਸ਼ | ਕੁਰਨੂਲ | ਅਦੋਨੀ | ਤੇਲ ਮਿੱਲ |
| 24. | ਆਂਧਰਾ ਪ੍ਰਦੇਸ਼ | ਕੁਰਨੂਲ | ਕੁਰਨੂਲ | ਨਕਲੀ ਹੀਰੇ |
| 25. | ਆਂਧਰਾ ਪ੍ਰਦੇਸ਼ | ਕਰਨੂਲ, ਕੁਡਾਫ | ਕਰਨੂਲ (ਬੰਗਨਾਪਲੇ, ਬੈਥਮਚਰੀਆ, ਕੋਲਿਮਰਗੁੰਡਲਾ) ਕੁਡਾਫ | ਪਾਲਿਸ਼ ਕੀਤੀਆਂ ਸਲੇਟਾਂ |
| 26. | ਆਂਧਰਾ ਪ੍ਰਦੇਸ਼ | ਪ੍ਰਕਾਸਮ | ਮਾਰਕਾਪੁਰਮ | ਪੱਥਰ ਦੀ ਸਲੇਟ |
| 27. | ਆਂਧਰਾ ਪ੍ਰਦੇਸ਼ | ਰੰਗਾ ਰੈਡੀ | ਬਾਲਾਨਗਰ, ਜੈਡੀਮੇਟਲਾ ਅਤੇ ਕੁਕਾਤਪਲੀ | ਮਸ਼ੀਨ ਔਜ਼ਾਰ |
| 28. | ਆਂਧਰਾ ਪ੍ਰਦੇਸ਼ | ਸ੍ਰੀਕਾਕੂਲਮ | ਪਲਾਸਾ | ਕਾਜੂ ਪ੍ਰਕ੍ਰਿਆ |
| 29. | ਆਂਧਰਾ ਪ੍ਰਦੇਸ਼ | ਵਿਸ਼ਾਖਾਪਟਨਮ, ਈਸਟ ਗੋਦਾਵਰੀ | ਵਿਸ਼ਾਖਾਪਟਨਮ, ਕਕਿੰਦਾ | ਸਮੁੰਦਰੀ ਭੋਜਨ |
| 30. | ਆਂਧਰਾ | ਵਾਰੰਗਲ | ਵਾਰੰਗਲ | ਪਾਵਰਲੂਮ |

| | | | | |
|---|---|---|---|---|
| | ਪ੍ਰਦੇਸ਼ | | | |
| 31. | ਆਂਧਰਾ ਪ੍ਰਦੇਸ਼ | ਵਾਰੰਗਲ | ਵਾਰੰਗਲ | ਤਾਂਬੇ ਦਾ ਸਮਾਨ |
| 32. | ਆਂਧਰਾ ਪ੍ਰਦੇਸ਼ | ਵੈਸਟ ਗੋਦਾਵਰੀ | ਵੈਸਟ ਗੋਦਾਵਰੀ | ਚੌਲ ਮਿਲ |
| 33. | ਬਿਹਾਰ | ਬੇਗੂਸਰਾਏ | ਬਰੌਨੀ | ਇੰਜੀਨੀਅਰਿੰਗ ਅਤੇ ਜਾਅਲਸਾਜੀ |
| 34. | ਬਿਹਾਰ | ਮੁਜ਼ੱਫਰਪੁਰ | ਮੁਜ਼ੱਫਰਪੁਰ | ਭੋਜਨ ਉਤਪਾਦ |
| 35. | ਬਿਹਾਰ | ਪਟਨਾ | ਪਟਨਾ | ਪਿੱਤਲ ਅਤੇ ਜਰਮਨ ਸਿਲਵਰ ਭਾਂਡੇ |
| 36. | ਛਤੀਸਗੜ੍ਹ | ਦੁਰਗ, ਰਾਜਨੰਦਗਾਓਂ, ਰਾਏਪੁਰ | ਦੁਰਗ, ਰਾਜਨੰਦਗਾਓਂ, ਰਾਏਪੁਰ | ਸਟੀਲ ਰੀ-ਰੋਲਿੰਗ |
| 37. | ਛਤੀਸਗੜ | ਦੁਰਗ, ਰਾਏਪੁਰ | ਦੁਰਗ, ਰਾਏਪੁਰ | ਕਾਸਟਿੰਗ ਅਤੇ ਧਾਤ ਫੈਬਰੀਕੇਸ਼ਨ |
| 38. | ਦਿੱਲੀ | ਨਾਰਥ ਵੈਸਟ ਦਿੱਲੀ | ਵਜੀਰਪੁਰ, ਬਾਦਲੀ | ਸਟੇਨਲੈਸ ਸਟੀਲ ਭਾਂਡੇ ਅਤੇ |
| 39. | ਦਿੱਲੀ | ਸਾਊਥ ਐਂਡ ਵੈਸਟ ਦਿੱਲੀ | ਓਖਲਾ, ਮਾਇਆਪੁਰੀ | ਕੈਮੀਕਲਜ਼ |
| 40. | ਦਿੱਲੀ | ਵੈਸਟ ਅਤੇ ਸਾਊਥ | ਨਰਾਇਨਾ ਐਂਡ ਔਖਲਾ | ਬਿਜਲੀ ਇੰਜੀਨਿਅਰਿੰਗ ਸਾਜ-ਸਮਾਨ |
| 41. | ਦਿੱਲੀ | ਵੈਸਟ ਅਤੇ ਸਾਊਥ | ਨਰਾਇਨਾ ਐਂਡ ਔਖਲਾ | ਬਿਜਲੀ ਸਮਾਨ |
